Vide R.N.I. No. Pun-Pun 2002/8323 ASR/0001/2021/23

ੴ ਸਤਿਗੁਰ ਪ੍ਰਸਾਦਿ ॥

ਸਚੀ ਤੇਰੀ ਸਿਫਤਿ ਸਚੀ ਸਾਲਾਹ ॥ ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥

ਭੇਟਾ: 25/-

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

D.O.P. 15 May 2022
ਅੰਕ: 145



ਧੰਨ ਧੰਨ
ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ
400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ

ਸ੍ਰਿਸ਼ਟੀ ਦੀ ਚਾਦਰ
ਭਗਤੀ ਲਹਿਰ

## ਲਿਖਣ ਭਗਤੀ ਦਾ
## ਇਨਾਮ ਵੰਡ ਸਮਾਗਮ

ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ ਵਿਖੇ
ਮਿਤੀ 25 ਅਪ੍ਰੈਲ 2022 ਨੂੰ ਕਰਵਾਇਆ ਗਿਆ।

400 ਵੱਡੇ ਇਨਾਮ

ਇਸ ਲਹਿਰ ਵਿੱਚ 15068 ਬੱਚਿਆਂ ਨੇ ਲਿਆ ਭਾਗ ਅਤੇ 400 ਵੱਡੇ ਇਨਾਮਾਂ ਦਾ ਕੱਢਿਆ ਗਿਆ ਡਰਾਅ।

1 ਐਕਟਿਵਾ



9 ਹਰਮੋਨੀਅਮ



9 LED



372 ਸਾਈਕਲ





9 TAB

# ਲਿਖਣ ਭਗਤੀ ਦਾ ਇਨਾਮ ਵੰਡ ਸਮਾਗਮ

ਸਤਿਗੁਰੂ ਜੀ ਦੀ ਕਿਰਪਾ ਨਾਲ ਸ੍ਰੀ ਅੰਮ੍ਰਿਤਸਰ ਸਾਹਿਬ ਵਿਖੇ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ, ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਅਤੇ ਭਾਈ ਅਮਨਦੀਪ ਸਿੰਘ ਜੀ ਵੱਲੋਂ **ਲਿਖਣ ਭਗਤੀ ਸਮਾਗਮ** ਕਰਵਾਇਆ ਗਿਆ। ਜਿਸ ਵਿੱਚ 15068 ਬੱਚਿਆਂ ਨੇ ਕਾਪੀਆਂ ਤੇ ਵਾਹਿਗੁਰੂ ਵਾਹਿਗੁਰੂ ਲਿਖ ਕੇ ਇਸ ਲਹਿਰ ਵਿੱਚ ਭਾਗ ਲਿਆ ਅਤੇ ਮੌਕੇ ਤੇ ਹਰ ਬੱਚੇ ਨੂੰ ਛੋਟਾ ਇਨਾਮ ਤੇ ਕੂਪਨ ਦਿੱਤਾ ਗਿਆ। ਲਿਖਣ ਭਗਤੀ ਦਾ ਇਨਾਮ ਵੰਡ ਸਮਾਗਮ 25 ਅਪ੍ਰੈਲ 2022 ਨੂੰ ਸੰਗਤਾਂ ਦੀ ਰਹਿਨੁਮਾਈ ਹੇਠ ਕੀਤਾ ਗਿਆ। ਜਿਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਤੋਂ ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ, ਭਾਈ ਪ੍ਰੇਮ ਸਿੰਘ ਜੀ (ਧੰਨ ਗੁਰੂ ਰਾਮਦਾਸ ਜੀ ਦੇ ਘਰ ਦੇ ਅਰਦਾਸੀਏ), ਮਾਤਾ ਵਿਪਨਪ੍ਰੀਤ ਕੌਰ ਜੀ, ਬਾਬਾ ਰਮਨ ਸਿੰਘ ਜੀ (ਨਾਨਕਸਰ ਠਾਠ, ਪਿੰਡ ਚੱਬੇ ਵਾਲੇ), ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ, ਭਾਈ ਅਮਨਦੀਪ ਸਿੰਘ ਜੀ, ਭਾਈ ਤੇਜਪਾਲ ਸਿੰਘ ਜੀ, ਭਾਈ ਹਰਵਿੰਦਰਪਾਲ ਸਿੰਘ ਜੀ (ਲਿਟਲ ਵੀਰ ਜੀ) ਅਤੇ ਹੋਰ ਸੰਗਤਾਂ ਨੇ ਬੱਚਿਆਂ ਦੇ 400 ਇਨਾਮਾਂ ਦੇ ਕੂਪਨਾਂ ਦਾ ਡਰਾਅ ਕੱਢ ਕੇ ਬੱਚਿਆਂ ਦੇ ਉਤਸ਼ਾਹ ਨੂੰ ਵਧਾਇਆ ਤਾਂ ਜੋ ਛੋਟੇ ਬੱਚੇ ਤੋਂ ਲੈ ਕੇ ਬਜ਼ੁਰਗ ਤੱਕ ਹਰ ਸਰੀਰ ਗੁਰਬਾਣੀ ਨਾਲ ਜੁੜ ਜਾਵੇ।




1. ਭਾਈ ਸਾਹਿਬ ਜੀ ਸਮਾਗਮ ਦੌਰਾਨ ਸੰਗਤਾਂ ਦੇ ਦਰਸ਼ਨ ਕਰਦੇ ਹੋਏ, 2. ਬੱਚਿਆਂ ਦੇ ਇਨਾਮਾਂ ਦੌਰਾਨ ਭਾਈ ਸਾਹਿਬ ਜੀ ਐਕਟਿਵਾ ਦਾ ਕੂਪਨ ਕੱਢਦੇ ਹੋਏ, 3-4. ਸਿੰਘ ਸਾਹਿਬ ਗਿਆਨੀ ਸੁਲਤਾਨ ਸਿੰਘ ਜੀ ਅਤੇ ਭਾਈ ਪ੍ਰੇਮ ਸਿੰਘ ਜੀ ਅਰਦਾਸੀਏ, 5. ਮਾਤਾ ਵਿਪਨਪ੍ਰੀਤ ਕੌਰ ਜੀ (ਲੁਧਿਆਣੇ ਵਾਲੇ), 6. ਬੀਬੀ ਜਤਿੰਦਰ ਕੌਰ ਜੀ ਭਾਈ ਸਾਹਿਬ ਜੀ ਦੇ ਘਰੋਂ ਅਤੇ ਬੀਬੀ ਪਰਮਜੀਤ ਕੌਰ ਜੀ (ਪੰਮਾ ਭੈਣ ਜੀ), 7. ਭਾਈ ਹਰਵਿੰਦਰਪਾਲ ਸਿੰਘ ਜੀ ਲਿਟਲ, ਭਾਈ ਅਮਨਦੀਪ ਸਿੰਘ ਜੀ, ਭਾਈ ਜਸਵਿੰਦਰ ਸਿੰਘ ਜੀ, ਭਾਈ ਸੁਖਵਿੰਦਰ ਸਿੰਘ ਜੀ ਗੋਗਾ ਬੱਚਿਆਂ ਦੇ ਇਨਾਮਾਂ ਦੇ ਕੂਪਨ ਕੱਢਦੇ ਹੋਏ, 8. ਬਾਬਾ ਕੁੰਦਨ ਸਿੰਘ ਜੀ ਬਾਲ ਫੁਲਵਾੜੀ ਦੀਆਂ ਬੱਚੀਆਂ ਸਮਾਗਮ ਦੌਰਾਨ ਸ਼ਬਦ ਗਾਇਣ ਕਰਦੀਆਂ ਹੋਈਆਂ, 9. ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਸਿਹਤ ਕਾਮਯਾਬ ਹੋਣ ਉਪਰੰਤ ਸਮਾਗਮ ਵਿੱਚ ਹਾਜ਼ਰੀ ਭਰਦੇ ਹੋਏ ਨਾਲ ਬੀਬੀ ਕੌਲਾਂ ਜੀ ਭਲਾਈ ਕੇਂਦਰ ਦੇ ਸਮੂੰਹ ਜੱਥੇ।

Asr. G.P.O.No. PB0001/ 2021-23

ੴ ਸਤਿਗੁਰ ਪ੍ਰਸਾਦਿ।।

ਅੰਕ-145ਵਾਂ (2022)

ਧੰਨ ਧੰਨ ਮਾਤਾ ਕੌਲਾਂ ਜੀ

# ਸਿਫਤਿ ਸਾਲਾਹ

ਨਿਰੋਲ ਧਾਰਮਿਕ ਪੱਤ੍ਰਿਕਾ

E-mail : sifitsalah@yahoo.com
Website : www.bibikaulanjibhalaikendertrust.org

**ਸਰਪ੍ਰਸਤ**
ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ

**ਮੁੱਖ ਸੰਪਾਦਕ**
ਭਾਈ ਹਰਵਿੰਦਰ ਪਾਲ ਸਿੰਘ ਲਿਟਲ

**ਸਹਾਇਕ ਸੰਪਾਦਕ**
ਭਾਈ ਹਰਵਿੰਦਰ ਸਿੰਘ (ਡੀ ਸੀ)

**ਸੰਪਾਦਕੀ ਬੋਰਡ**
ਭਾਈ ਤੇਜਪਾਲ ਸਿੰਘ, ਭਾਈ ਪਾਲ ਸਿੰਘ, ਭਾਈ ਜਸਵਿੰਦਰ ਸਿੰਘ (ਪਟਿਆਲਾ)
ਬੀਬੀ ਪਰਮਜੀਤ ਕੌਰ (ਪੰਮਾ ਭੈਣ ਜੀ), ਭਾਈ ਅੰਮ੍ਰਿਤਪਾਲ ਸਿੰਘ, ਸ. ਕਮਲਪ੍ਰੀਤ ਸਿੰਘ
ਸ. ਕੁਲਬੀਰ ਸਿੰਘ (ਸਿਵਲ ਲਾਈਨ ਵਾਲੇ), ਸ. ਹਰਮਿੰਦਰ ਸਿੰਘ, ਸ. ਰਮਿੰਦਰ ਸਿੰਘ

**ਐਡਵੋਕੇਟ**
ਸ. ਸੁਰਿੰਦਰ ਸਿੰਘ ਕੰਵਰ

**ਸਲਾਹਕਾਰ**
ਸ. ਟਹਿਲਇੰਦਰ ਸਿੰਘ

**ਵਿਸ਼ੇਸ਼ ਸਹਿਯੋਗ**
ਸ. ਹਰਭਜਨ ਸਿੰਘ ਲੁਧਿਆਣਾ
ਸ. ਕੰਵਲਜੀਤ ਸਿੰਘ, ਦਿੱਲੀ

ਕੰਪਿਊਟਰ: ਸਿਫਤਿ ਸਾਲਾਹ ਦਫਤਰ

**ਪ੍ਰਕਾਸ਼ਕ**
ਗੁਰਮਤਿ ਸਤਿਸੰਗ ਸਭਾ
ਧੰਨ ਧੰਨ ਬੀਬੀ ਕੌਲਾਂ ਜੀ (ਰਜਿ.)
ਸ੍ਰੀ ਅੰਮ੍ਰਿਤਸਰ।

ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245
ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**ਚੰਦਾ**

| ਦੇਸ਼ | | ਵਿਦੇਸ਼ | |
|---|---|---|---|
| ਸਲਾਨਾ ਚੰਦਾ | 150 ਰු. | ਸਲਾਨਾ ਚੰਦਾ | 1200 ਰු. |
| 2 ਸਾਲ ਲਈ | 300 ਰු. | 2 ਸਾਲ ਲਈ | 2400 ਰු. |
| 5 ਸਾਲ ਲਈ | 600 ਰු. | 5 ਸਾਲ ਲਈ | 4800 ਰු. |
| ਲਾਈਫ ਮੈਂਬਰਸ਼ਿਪ | 2400 ਰු. | ਲਾਈਫ ਮੈਂਬਰਸ਼ਿਪ | 19200 ਰු. |

**ਚਿੱਠੀ-ਪੱਤਰ ਅਤੇ ਚੰਦਾ ਭੇਜਣ ਦਾ ਪਤਾ**

ਦਫਤਰ: ਸਿਫਤਿ ਸਾਲਾਹ, ਬੀਬੀ ਕੌਲਾਂ ਜੀ ਭਲਾਈ ਕੇਂਦਰ (ਟਰੱਸਟ)
ਤਰਨ ਤਾਰਨ ਰੋਡ, ਸ੍ਰੀ ਅੰਮ੍ਰਿਤਸਰ-143006 ਫੋਨ : 98765-25850

## ਤਤਕਰਾ

ਸੰਪਾਦਕੀ 4
ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ-
ਧੰਨ ਧੰਨ ਭਾਈ ਸੁਥਰਾ ਸ਼ਾਹ ਜੀ 5
ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ 14
ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ
ਵੀਹਵਾਂ ਭਾਗ- ਧੰਨ ਧੰਨ ਮਾਤਾ ਨਾਨਕੀ ਜੀ 18
ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥ 28
ਜ਼ਿੰਦਗੀ ਦੀਆਂ ਬਰੀਕੀਆਂ 30
ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ 32
ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕਰੀਏ! 33
ਅਧਿਆਤਮਿਕ ਵਿਚਾਰਾਂ 35
400 ਸਾਲ ਗੁਰ ਇਤਿਹਾਸ ਦੇ ਨਾਲ 36
ਅਨਮੋਲ ਬਚਨ 38
ਜੀਵਨ ਇਲਾਹੀ ਜੋਤ ਧੰਨ ਧੰਨ ਬਾਬਾ ਨੰਦ ਸਿੰਘ ਜੀ 39
अमृत की महानता 41
भाई लहणा जी से गुरु अंगद देव जी 47
जिंदगी की बारीकियाँ 51
I Am a Sacrifice unto Satguru 54
Which are the Ten Sins? 58

*ਨੋਟ :* ਸਿਫਤਿ ਸਾਲਾਹ ਵਿੱਚ ਛਪੇ ਲੇਖ ਤੇ ਰਚਨਾਵਾਂ ਦੇ ਵਿਚਾਰ ਲੇਖਕਾਂ ਦੇ ਆਪਣੇ ਹਨ, ਸੰਪਾਦਕੀ ਬੋਰਡ ਸਿਫਤਿ ਸਾਲਾਹ ਦਾ ਇਨ੍ਹਾਂ ਵਿਚਾਰਾਂ ਦੇ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। -ਸੰਪਾਦਕ

# ਸੰਪਾਦਕੀ

ਗੁਰੂ ਕੀ ਪਿਆਰੀ ਸਾਧ ਸੰਗਤ ਜੀ,

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ, ਪਾਕਿਸਤਾਨ ਦੀ ਸਰਜ਼ਮੀਨ ਤੇ ਸੁਭਾਇਮਾਨ ਇੱਕ ਐਸਾ ਪਾਵਨ ਅਸਥਾਨ ਹੈ, ਜਿਸ ਪਾਵਨ ਅਸਥਾਨ ਦੀ ਧੂੜ ਮਸਤਕ ਤੇ ਲਗਾਉਣ ਦੀ ਅਭਿਲਾਖਾ ਹਰ ਗੁਰੂ ਨਾਨਕ ਨਾਮ ਲੇਵਾ ਸ਼ਰਧਾਲੂ ਦੇ ਮਨ ਵਿੱਚ ਹੁੰਦੀ ਹੈ। ਇਸ ਪਾਵਨ ਅਸਥਾਨ ਤੇ ਜਾਈਏ ਤੇ ਉੱਥੇ ਇੱਕ ਬੜਾ ਸੁੰਦਰ ਬੋਰਡ ਨਜ਼ਰੀਂ ਆਵੇਗਾ ਤੇ ਉਸ ਤੇ ਲਿਖਿਆ ਹੈ, ਬਾਬਾ ਜੀ ਦੇ ਬਾਗ ਅਤੇ ਖੇਤੀ ਸਾਹਿਬ। ਕਹਿਣ ਨੂੰ ਇਹ ਸ਼ਬਦ ਬੜੇ ਸਧਾਰਨ ਹਨ ਪਰ ਇਨ੍ਹਾਂ ਸਧਾਰਨ ਸ਼ਬਦਾਂ ਪਿੱਛੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਬਹੁਤ ਵੱਡਾ ਉਪਦੇਸ਼ ਛੁਪਿਆ ਹੋਇਆ ਹੈ, ਬੜਾ ਵੱਡਾ ਸੰਦੇਸ਼ ਛੁਪਿਆ ਹੋਇਆ ਹੈ, ਬੜੀ ਵੱਡੀ ਸਿੱਖਿਆ ਛੁਪੀ ਹੋਈ ਹੈ। ਇਹ ਸ਼ਬਦ ਦਰਸਾਉਂਦੇ ਹਨ ਕਿ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਕੇਵਲ ਉਪਦੇਸ਼ ਹੀ ਨਹੀਂ ਦਿੱਤਾ ਕਿ ਕਿਰਤ ਕਰੋ ਸਗੋਂ ਆਪ ਕਮਾ ਕੇ ਵੀ ਦਰਸਾਇਆ ਹੈ। ਆਪਣੇ ਹੱਥੀਂ ਕਿਰਤ ਕੀਤੀ ਹੈ। ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜਿਹੜੇ ਤਿੰਨ ਪਾਵਨ ਅਸੂਲ ਹਨ, ਕਿਰਤ ਕਰੋ, ਨਾਮ ਜਪੋ ਤੇ ਵੰਡ ਛਕੋ, ਉਸ ਵਿੱਚ ਵੀ ਗੁਰੂ ਸਾਹਿਬ ਨੇ ਕਿਰਤ ਨੂੰ ਨੰਬਰ ਇੱਕ ਤੇ ਰੱਖਿਆ ਹੈ।

ਆਪਣੇ ਦੁਨਿਆਵੀ ਜੀਵਨ ਦੇ ਆਖਰੀ ਸਾਲਾਂ ਵਿੱਚ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਰਮੇਸ਼ਰ ਪ੍ਰਾਪਤੀ ਲਈ ਗ੍ਰਹਿਸਥੀ ਜੀਵਨ ਨੂੰ ਸਿਰਮੌਰ ਦਰਸਾਉਂਦਿਆਂ, ਇਸ ਗ੍ਰਹਿਸਥੀ ਆਸ਼ਰਮ ਵਿੱਚ ਰਹਿ ਕੇ ਦੁਨਿਆਵੀ ਕਾਰਜ ਕਰਦਿਆਂ ਪਰਮੇਸ਼ਰ ਪ੍ਰਾਪਤੀ ਦਾ ਨਿਵੇਕਲਾ ਤੇ ਸੌਖਾ ਸਾਧਨ ਦਰਸਾਇਆ ਹੈ ਤੇ ਇਸ ਵਿੱਚ ਹੱਥੀਂ ਕਿਰਤ ਦੀ ਪ੍ਰਧਾਨਤਾ ਦਰਸਾਈ ਹੈ। ਕੋਈ ਜਗਿਆਸੂ, ਕੋਈ ਵਿਅਕਤੀ ਜਿੰਨਾ ਮਰਜ਼ੀ ਨਾਮ ਜਪ ਲਵੇ ਪਰ ਜੇ ਉਸ ਦੀ ਕਿਰਤ ਸ਼ੁੱਧ ਨਹੀਂ, ਉਸ ਦੀ ਕਿਰਤ ਵਿੱਚ ਕਿਸੇ ਪ੍ਰਕਾਰ ਦੀ ਖੋਟ ਹੈ ਤੇ ਉਸ ਦਾ ਨਾਮ ਜਪਿਆ ਹੋਇਆ ਫਲੀਭੂਤ ਨਹੀਂ ਹੋਵੇਗਾ। ਸ੍ਰੀ ਕਰਤਾਰਪੁਰ ਸਾਹਿਬ ਦੀ ਪਾਵਨ ਸਰਜ਼ਮੀਨ ਤੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਆਪਣੇ ਹੱਥੀਂ ਖੇਤੀ ਕੀਤੀ। ਇਸ ਅਸਥਾਨ ਤੋਂ ਇਹੀ ਪ੍ਰੇਰਨਾ ਮਿਲਦੀ ਹੈ ਕਿ ਗੁਰੂ ਦਾ ਸਿੱਖ ਦਸਾਂ ਨਹੁੰਆਂ ਦੀ ਕਿਰਤ ਕਰੇ। ਜੇ ਉਹ ਕੋਈ ਕਾਰੋਬਾਰ ਕਰਦਾ ਹੈ, ਦੁਕਾਨ ਕਰਦਾ ਹੈ ਤੇ ਉਸ ਦੀ ਦੁਕਾਨ ਤੇ ਕੋਈ ਐਸੀ ਚੀਜ਼ ਨਾ ਹੋਵੇ ਜਿਸ ਵਿੱਚ ਮਿਲਾਵਟ ਹੋਵੇ। ਜੇ ਕੋਈ ਸਰਕਾਰੀ ਨੌਕਰੀ ਕਰਦਾ ਹੈ ਜਾਂ ਪ੍ਰਾਈਵੇਟ ਨੌਕਰੀ ਕਰਦਾ ਹੈ ਤੇ ਉਸ ਵਿੱਚ ਕਿਸੇ ਪ੍ਰਕਾਰ ਦੀ ਬੇਈਮਾਨੀ ਜਾਂ ਰਿਸ਼ਵਤਖੋਰੀ ਨਾ ਹੋਵੇ। ਆਪਣੇ ਮਾਲਕ ਨੂੰ ਤਨਖਾਹ ਨਾਲੋਂ ਵੱਧ ਕੰਮ ਕਰਕੇ ਦੇਣਾ ਹੈ, ਇਹੀ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦਾ ਸਿਧਾਂਤ ਹੈ ਤੇ ਇਹੀ ਸਿੱਖੀ ਦੀ ਮੁੱਢਲੀ ਕਲਾਸ ਹੈ।

ਵੇਖੋ, ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਆਪ ਅਕਾਲ ਪੁਰਖ ਦਾ ਰੂਪ ਹਨ, ਕਲਯੁੱਗ ਦੇ ਅਵਤਾਰ ਹਨ ਪਰ ਆਪਣੇ ਹੱਥੀਂ ਹੱਲ ਵਾਹਿਆ। ਜੇ ਸ੍ਰਿਸ਼ਟੀ ਦੇ ਮਾਲਕ ਨੇ ਆਪਣੇ ਹੱਥੀਂ ਕਿਰਤ ਕੀਤੀ ਹੈ ਤੇ ਸਾਨੂੰ ਫਿਰ ਇਸ ਤੋਂ ਪ੍ਰੇਰਨਾ ਲੈਣੀ ਚਾਹੀਦੀ ਹੈ। ਇਸ ਅਸਥਾਨ ਤੇ ਜਾਓ ਤੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਜਿਹੜੇ ਖੇਤ ਹਨ ਜਿੱਥੇ ਗੁਰੂ ਸਾਹਿਬ ਨੇ ਆਪਣੇ ਹੱਥੀਂ ਹੱਲ ਵਾਹਿਆ, ਜਾ ਕੇ ਮਨ ਕਿੰਨਾ ਭਿੱਜਦਾ ਹੈ। ਉਨ੍ਹਾਂ ਪਾਵਨ ਖੇਤਾਂ ਵਿੱਚ ਜਿੱਥੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਪਤਾ ਨਹੀਂ ਕਿੰਨੀ ਵਾਰੀ ਚਰਨ ਪਏ, ਵਾਰ-ਵਾਰ ਉਸ ਮਿੱਟੀ ਨੂੰ ਮਸਤਕ ਤੇ ਲਗਾਉਣ ਦਾ ਚਿੱਤ ਕਰਦਾ ਹੈ। ਧੰਨ ਗੁਰੂ ਨਾਨਕ ਮਹਾਰਾਜ ਜੀ ਦੇ ਪਾਵਨ ਚਰਨਾਂ ਦੀ ਛੋਹ ਪ੍ਰਾਪਤ ਹੋਣ ਕਰਕੇ ਇਹ ਖੇਤ ਵੀ ਖੇਤੀ ਸਾਹਿਬ ਦਾ ਰੂਪ ਧਾਰਨ ਕਰ ਗਏ ਹਨ। ਕਿੰਨਾ ਪਿਆਰ, ਕਿੰਨਾ ਵੈਰਾਗ, ਕਿੰਨੀ ਖਿੱਚ ਹੈ, ਇਸ ਸ਼ਬਦ ਵਿੱਚ: ਖੇਤੀ ਸਾਹਿਬ। ਇਸ ਲਈ ਇਸ ਯਾਤਰਾ ਨੂੰ ਸਫਲਾ ਬਣਾਉਂਦਿਆਂ ਇਨ੍ਹਾਂ ਖੇਤਾਂ ਦੀ ਮਿੱਟੀ ਆਪਣੇ ਮੱਥੇ ਤੇ ਲਗਾਈਏ ਤੇ ਨਾਲ ਜੀਵਨ ਵਿੱਚ ਪ੍ਰਣ ਕਰੀਏ ਕਿ ਧਰਮ ਦੀ ਕਿਰਤ ਕਰਦਿਆਂ, ਦਸਾਂ ਨਹੁੰਆਂ ਦੀ ਕਿਰਤ ਕਰਦਿਆਂ, ਆਪਣੀ ਕਮਾਈ ਵਿੱਚੋਂ ਦਸਵੰਧ ਕੱਢਦਿਆਂ, ਗੁਰੂ ਸਾਹਿਬ ਦੇ ਨਿਰਮਲ ਭੈਅ ਵਿੱਚ ਕਿਰਤ ਕਰਦਿਆਂ ਆਪਣੇ ਜੀਵਨ ਦਾ ਨਿਰਬਾਹ ਕਰਾਂਗੇ। ਇਹੀ ਗੁਰੂ ਸਾਹਿਬ ਦਾ ਪਾਵਨ ਉਪਦੇਸ਼ ਹੈ।

**ਵਾਹਿਗੁਰੂ ਜੀ ਕਾ ਖਾਲਸਾ॥ ਵਾਹਿਗੁਰੂ ਜੀ ਕੀ ਫਤਹਿ॥**

*—ਸੰਪਾਦਕ*

# ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ- ਧੰਨ ਧੰਨ ਭਾਈ ਸੁਥਰਾ ਸ਼ਾਹ ਜੀ

ਭਾਈ ਸਾਹਿਬ
ਭਾਈ ਗੁਰਇਕਬਾਲ ਸਿੰਘ ਜੀ
ਦੁਆਰਾ ਦਿੱਤੇ ਗਏ ਪ੍ਰੋਗਰਾਮ
ਦਾ ਉਤਾਰਾ

## ਕਿੰਨੇ ਭਾਗਾਂ ਵਾਲੇ ਹਨ, ਭਾਈ ਸੁਥਰਾ ਸ਼ਾਹ ਜੀ ਜਿਨ੍ਹਾਂ ਨੂੰ ਪੰਜ ਪਾਤਸ਼ਾਹੀਆਂ ਦੇ ਦਰਸ਼ਨਾਂ ਦਾ ਸੁਭਾਗ ਪ੍ਰਾਪਤ ਹੋਇਆ।

*—ਜਸਵਿੰਦਰ ਸਿੰਘ (ਪਟਿਆਲਾ)*

*ਪਉੜੀ ॥*
*ਸਸਾ ਸਰਨਿ ਪਰੇ ਅਬ ਹਾਰੇ ॥*
*ਸਾਸਤ੍ਰ ਸਿਮ੍ਰਿਤਿ ਬੇਦ ਪੂਕਾਰੇ ॥*
*ਸੋਧਤ ਸੋਧਤ ਸੋਧਿ ਬੀਚਾਰਾ ॥*
*ਬਿਨੁ ਹਰਿ ਭਜਨ ਨਹੀ ਛੁਟਕਾਰਾ ॥*
*ਸਾਸਿ ਸਾਸਿ ਹਮ ਭੂਲਨਹਾਰੇ ॥*
*ਤੁਮ ਸਮਰਥ ਅਗਨਤ ਅਪਾਰੇ ॥*
*ਸਰਨਿ ਪਰੇ ਕੀ ਰਾਖੁ ਦਇਆਲਾ ॥*
*ਨਾਨਕ ਤੁਮਰੇ ਬਾਲ ਗੁਪਾਲਾ ॥੪੮॥*

*(ਅੰਗ ੨੬੦)*

ਇੱਕ ਪੰਕਤੀ ਵਿੱਚ ਹੀ ਅਰਸ਼ੇ ਦੇ ਦਾਤੇ ਦੀਆਂ ਕਿੰਨੀਆਂ ਡੂੰਘਾਈਆਂ ਹਨ।

*ਸਰਨਿ ਪਰੇ ਕੀ ਰਾਖੁ ਦਇਆਲਾ ॥*

*(ਅੰਗ ੨੬੦)*

ਹੁਣ ਮੈਂ ਆਪਣੇ ਗੁਰੂ ਦੀ ਸ਼ਰਨ ਪੈ ਗਿਆ ਹਾਂ। ਕੋਈ ਹੋਰ ਗੁੰਜਾਇਸ਼ ਨਹੀਂ, ਕਿਸੇ ਹੋਰ ਪਾਸੇ ਜਾਣ ਦੀ। ਸਭ ਫੈਸਲੇ ਖਤਮ ਹੋ ਗਏ। ਇਹੋ ਜਿਹਾ ਪਿਆਰ ਕਰੋ। ਜਿਵੇਂ ਕਈ ਬੱਚੇ ਵੱਡੀ ਪੜ੍ਹਾਈ ਲਈ ਅਪਲਾਈ ਕਰਦੇ ਹਨ ਪਰ ਨਾਲ ਗੁੰਜਾਇਸ਼ ਵੀ ਰੱਖਦੇ ਹਨ। ਜੇ ਕਿਤੇ ਸੀਟ ਨਹੀਂ ਮਿਲੀ, ਦੂਜੇ ਪਾਸੇ ਤੋਂ ਲੈ ਲੈਣੀ ਹੈ। ਅਜਿਹਾ ਨਹੀਂ ਕਰਨਾ। ਸਰਨਿ ਪਰੇ ਦਾ ਮਤਲਬ ਹੈ, ਬੱਸ ਹੁਣ ਫੈਸਲਾ ਹੋ ਗਿਆ, ਤੇਰੇ ਹਾਂ। ਹੁਣ ਇਹ ਫਾਈਲ ਹੋਰ ਕਿਤੇ ਨਹੀਂ। ਹੁਣ ਅੱਗੇ ਆ ਗਿਆ, ਰਾਖੁ। ਕੋਈ ਫੈਸਲਾ ਨਹੀਂ, ਮੈਂ ਹੁਣ ਸ਼ਰਨ ਪੈ ਗਿਆ ਹਾਂ। ਰਾਖੁ ਦਾ ਮਤਲਬ ਬੇਨਤੀ ਆ ਗਈ। ਪਹਿਲਾਂ ਡਿੱਗਣ ਦੀ ਗੱਲ ਆ ਗਈ। ਰਾਖੁ ਆ ਗਈ, ਬੇਨਤੀ। ਹੁਣ ਸਾਡੀ ਬੇਨਤੀ ਹੈ ਕਿ ਰੱਖ ਲੈ। ਦੋ ਵਜੇ ਵੀ ਵਿਹਲਾ ਹੋਵਾਂ ਪਰ ਮੇਰਾ ਅੰਮ੍ਰਿਤ ਵੇਲਾ ਨਾ ਟੁੱਟੇ, ਇਹ ਰੱਖ ਲੈ। ਰੁਝੇਵੇਂ ਵਿੱਚ ਬਾਰ੍ਹਾਂ-ਇੱਕ ਵੀ ਵੱਜ ਗਏ ਹਨ ਪਰ ਇਹ ਰੱਖ ਲੈ, ਕਿਸੇ ਦੀ ਨੀਂਦਰ ਭਾਵੇਂ ਅੱਠ ਘੰਟੇ ਸੌਂ ਕੇ ਪੂਰੀ ਹੋਵੇ ਪਰ ਮੇਰੀ ਨੀਂਦ ਇੱਕ ਘੰਟੇ-ਦੋ ਘੰਟੇ ਵਿੱਚ ਹੀ ਪੂਰੀ ਕਰ ਦੇਈਂ ਤਾਂ ਜੋ ਮੇਰਾ ਅੰਮ੍ਰਿਤ ਵੇਲਾ ਕਦੀ ਟੁੱਟੇ ਹੀ ਨਾ। ਇਹ ਸਾਡੀ ਬੇਨਤੀ ਹੈ ਕਿ ਰੱਖ ਲੈ।

*ਮੁੱਖ ਮੋੜ ਦੇ ਬਹੁਤੀਆਂ ਆਸਾਂ ਤੋਂ।*

ਇਹ ਰੱਖ। ਸਰਨਿ ਪਰੇ ਦਾ ਮਤਲਬ ਹੈ ਕਿ ਮੈਂ

ਡਿੱਗ ਪਿਆ ਹਾਂ। ਹੁਣ ਬੇਨਤੀ ਹੈ ਕਿ ਰੱਖ ਲੈ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ, ਤੁਸੀਂ ਮੇਰੇ ਮਨ ਦੀ ਅਵਸਥਾ ਇਹੋ ਜਿਹੀ ਬਣਾ ਦਿਓ ਕਿ ਮੇਰੇ ਘਰ ਵਿੱਚ ਕਦੀ ਵੀ ਟੀ.ਵੀ. ਤੇ ਕੋਈ ਰੰਗ ਤਮਾਸ਼ਿਆਂ ਦਾ ਚੈਨਲ ਨਾ ਚੱਲੇ, ਸਿਰਫ ਧਾਰਮਿਕ ਚੈਨਲ ਹੀ ਚੱਲਣ ਜਿਨ੍ਹਾਂ ਨੂੰ ਵੇਖਣ ਨਾਲ ਤੇਰੀ ਯਾਦ ਬਣੀ ਰਹੇ। ਇਹ ਰੱਖੋ। ਹਰ ਚੜ੍ਹਨ ਵਾਲਾ ਦਿਨ ਮੈਨੂੰ ਇੰਝ ਲੱਗੇ ਕਿ ਜਿਵੇਂ ਇਹ ਆਖਰੀ ਦਿਨ ਹੈ। ਫਿਰ ਕਿਸੇ ਦਾ ਬੁਰਾ ਨਹੀਂ ਕਰੋਗੇ। ਇਹ ਰੱਖਣਾ ਹੈ। ਇਹ ਰਾਖੁ।

***ਮੁੱਖ ਮੋੜ ਦੇ ਬਹੁਤੀਆਂ ਆਸਾਂ ਤੋਂ।***

ਪਹਿਲਾਂ ਸਰਨਿ ਪਰੇ ਭਾਵ ਡਿੱਗ ਪਏ। ਫਿਰ ਰਾਖੁ, ਹੁਣ ਬੇਨਤੀ। ਫਿਰ ਅੱਗੇ ਪਿਤਾ ਜੀ ਕਹਿੰਦੇ, ਕਹਿ ਦੇਈਂ ਦਇਆਲਾ। ਦਇਆਲਾ ਦਾ ਕੀ ਅਰਥ ਹੈ ਕਿ ਜਦੋਂ ਮੈਨੂੰ ਰੱਖਣ ਲੱਗੇਂਗਾ, ਮੇਰੇ ਮੱਥੇ ਦੇ ਕਰਮ ਅੱਗੇ ਨਾ ਰੱਖੀਂ। ਕਿਉਂਕਿ ਇਹ ਸੱਚਾਈਆਂ ਹਨ। ਹੇ ਮੇਰੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ, ਜੇ ਤੁਸੀਂ ਦਇਆਲਤਾ ਨਾ ਅੱਗੇ ਰੱਖਦੇ ਤੇ ਸੱਜਣ ਠੱਗ ਕਦੀ ਨਹੀਂ ਸੀ ਤਰ ਸਕਦਾ। ਜੇ ਤੁਸੀਂ ਦਇਆਲਤਾ ਅੱਗੇ ਨਾ ਰੱਖਦੇ ਤਾਂ ਕੌਡਾ ਰਾਖਸ਼ ਕਦੀ ਨਹੀਂ ਸੀ ਤਰ ਸਕਦਾ। ਜੇ ਤੁਸੀਂ ਦਇਆਲਤਾ ਅੱਗੇ ਨਾ ਰੱਖਦੇ ਤਾਂ ਭੂਮੀਆ ਚੋਰ ਕਦੀ ਨਹੀਂ ਸੀ ਤਰ ਸਕਦਾ। ਜੇ ਤੁਸੀਂ ਦਇਆਲਤਾ ਅੱਗੇ ਨਾ ਰੱਖਦੇ ਤਾਂ ਦੀਪਾਲਪੁਰ ਦਾ ਕੋਹੜੀ ਕਦੀ ਤਰ ਹੀ ਨਹੀਂ ਸੀ ਸਕਦਾ। ਉਨ੍ਹਾਂ ਦੀ ਕਿਸੇ ਕਮਾਈ ਨੇ ਨਹੀਂ ਤਾਰਿਆ। ਹੇ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ, ਉਨ੍ਹਾਂ ਨੂੰ ਆਪ ਜੀ ਦੀ ਦਇਆਲਤਾ ਨੇ ਤਾਰਿਆ ਹੈ। ਜੇ ਆਪ ਜੀ ਦੀ ਦਇਆਲਤਾ ਅੱਗੇ ਨਾ ਹੁੰਦੀ ਤਾਂ ਉਹ ਕਦੀ ਨਹੀਂ ਸੀ ਤਰ ਸਕਦੇ। ਵੇਖੋ ਇੱਕ ਪੰਕਤੀ ਵਿੱਚ ਕਿੰਨੇ ਹੀ ਖਜ਼ਾਨੇ ਛੁਪੇ ਹਨ। ਹੁਣ ਇਸ ਤਰ੍ਹਾਂ ਦੀ ਭਾਵਨਾ ਬਣਾ ਕੇ, ਇਸ ਸਤਿਸੰਗ ਦੇ ਮੰਡਲ ਵਿੱਚ ਇਹ ਅਰਦਾਸ ਕਰੀਏ। ਆਪਣੀ ਕਮਜ਼ੋਰੀ ਸਭ ਨੂੰ ਆਪ ਪਤਾ ਹੈ, ਕਿੱਥੇ ਗੁਰੂ ਸਾਹਿਬ ਦੇ ਦਰਸਾਏ ਮਾਰਗ ਤੋਂ ਪਾਸੇ ਹੋ ਜਾਂਦਾ ਹਾਂ। ਰੱਖ ਲਓ, ਮੈਨੂੰ। ਆਪ ਜੀ ਦੀ ਚਾਲ ਵਿੱਚ ਰਹਾਂ :

***ਸਰਨਿ ਪਰੇ ਕੀ ਰਾਖੁ ਦਇਆਲਾ ॥***
***ਨਾਨਕ ਤੁਮਰੇ ਬਾਲ ਗੁਪਾਲਾ ॥੪੮॥***

*(ਅੰਗ ੨੬੦)*

ਆਪ ਜੀ ਦਾ ਬਾਲ ਹਾਂ। ਆਪ ਜੀ ਮੇਰੇ ਗੋਪਾਲ ਹੋ। ਰੱਖ ਲਓ।

***ਜਪੁ ਤਪੁ ਸੰਜਮੁ ਧਰਮੁ ਨ ਕਮਾਇਆ ॥***
***ਸੇਵਾ ਸਾਧ ਨ ਜਾਨਿਆ ਹਰਿ ਰਾਇਆ ॥***
***ਕਹੁ ਨਾਨਕ ਹਮ ਨੀਚ ਕਰੰਮਾ ॥***
***ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥***

*(ਅੰਗ ੧੨)*

ਬਹੁਤ ਸਾਰੀਆਂ ਸਟੇਜਾਂ ਤੇ ਇੰਨਾ ਕਲਯੁੱਗ ਹੈ, ਗੁਰੂ ਸਾਹਿਬ ਦੀ ਸਿਫਤ ਨਹੀਂ ਹੁੰਦੀ ਸਗੋਂ ਜਪ ਤਪ ਦੀ ਨਿੰਦਾ ਹੋ ਜਾਂਦੀ ਹੈ। ਇਹ ਕਮਾਉਣਾ ਸੀ, ਜਪ ਤਪ ਸੰਜਮ ਧਰਮ, ਪਰ ਨਹੀਂ ਕਮਾਇਆ। ਜੇ ਨਹੀਂ ਕਮਾਇਆ, ਫਿਰ ਜਿਨ੍ਹਾਂ ਨੇ ਕਮਾਇਆ, ਮੈਂ ਉਨ੍ਹਾਂ ਨੂੰ ਹੀ ਧੰਨ ਕਹਿ ਲੈਂਦਾ, ਘੱਟੋ ਘੱਟ ਉਨ੍ਹਾਂ ਦੀ ਨਿੰਦਿਆ ਤਾਂ ਨਾ ਕਰਦਾ ਪਰ ਨਿੰਦਿਆ ਦੀ ਹਨ੍ਹੇਰੀ ਕਾਰਨ ਨਾਮ ਕਮਾਈ ਵਾਲਿਆਂ ਨੂੰ ਵੀ ਨਾ ਸਮਝਿਆ। ਸੇਵਾ ਸਾਧ, ਉਹ ਸਾਧੂ ਕਮਾਉਣ ਵਾਲੇ, ਉਨ੍ਹਾਂ ਨੂੰ ਵੀ ਨਹੀਂ ਜਾਨਿਆ। ਹੇ ਮੇਰੇ ਹਰੀ ਰਾਇਆ, ਮੈਂ ਤਾਂ ਨਹੀਂ ਕਮਾਇਆ ਪਰ ਜਿਨ੍ਹਾਂ ਨੇ ਕਮਾਇਆ, ਮੈਂ ਉਨ੍ਹਾਂ ਨੂੰ ਹੀ ਧੰਨ ਕਹਿ ਲੈਂਦਾ, ਪਰ ਕਲਯੁੱਗ ਦੀ ਹਨ੍ਹੇਰੀ ਨੇ ਮੇਰੇ ਅੰਦਰ ਉਨ੍ਹਾਂ ਲਈ ਵੀ ਸ਼ਰਧਾ ਨਹੀਂ ਬਣਾਈ। ਹੁਣ ਕਿਹੜੀ ਆਸ ਰਹਿ ਗਈ?

***ਕਹੁ ਨਾਨਕ ਹਮ ਨੀਚ ਕਰੰਮਾ ॥***
***ਸਰਣਿ ਪਰੇ ਕੀ ਰਾਖਹੁ ਸਰਮਾ ॥੨॥੪॥***

*(ਅੰਗ ੧੨)*

***ਮੋਹਿ ਗਰੀਬ ਕਉ ਲੇਹੁ ਰਲਾਇ ॥***
***ਨਾਨਕ ਆਇ ਪਏ ਸਰਣਾਇ ॥੪॥੩੮॥੮੯॥***

*(ਅੰਗ ੩੯੩)*

ਹੁਣ ਇੱਥੇ 'ਪਏ' ਲਫਜ਼ ਆਇਆ ਹੈ। ਇਸ ਦਾ ਮਤਲਬ ਕਿ ਜਿੰਨੇ ਇੱਥੇ ਸਤਿਸੰਗ ਵਿੱਚ ਆਏ ਹਨ, ਸਭ ਦੀ ਹੀ ਲਾਜ ਰੱਖਣੀ।

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ।***
***ਗੁਰਮੁਖਿ ਸੁਖ ਫਲੁ ਪਾਇ ਆਪੁ ਗਵਾਇਆ ।***
***ਗੁਰਮੁਖਿ ਸਾਖੀ ਸਬਦਿ ਸਿਖਿ ਸੁਣਾਇਆ ।***
***ਗੁਰਮੁਖਿ ਸਬਦ ਵੀਚਾਰਿ ਸਚੁ ਕਮਾਇਆ ।***
***ਸਚੁ ਰਿਦੈ ਮੁਹਿ ਸਚੁ ਸਚਿ ਸੁਹਾਇਆ ।***
***ਗੁਰਮੁਖਿ ਜਨਮੁ ਸਵਾਰਿ ਜਗਤੁ ਤਰਾਇਆ ॥੧੨॥***

*(ਵਾਰ ੧੯, ਪਉੜੀ ੧੨)*

ਅਟੱਲ ਪਿਤਾ ਜੀ, ਅਟੱਲ ਦਾਤਾ, ਅਟੱਲ ਗੁਰੂ ਤਾਂ ਹੀ ਆਪਾਂ ਕਹਿੰਦੇ ਹਾਂ ਕਿ ਜੁਗੋ ਜੁੱਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ, ਜਿਨ੍ਹਾਂ ਦਾ ਪ੍ਰਕਾਸ਼ ਦਿਹਾੜਾ ਹੈ ਪਰ ਬਰਸੀ ਨਹੀਂ। ਇਸੇ ਕਰਕੇ ਗੁਰਬਾਣੀ ਵਿੱਚ ਲਿਖਿਆ ਹੈ:

***ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ***
***ਆਦਿ ਪੁਰਖਿ ਫੁਰਮਾਇਓ ॥੭॥***

*(ਅੰਗ ੧੩੯੦)*

ਸਾਰੇ ਹੀ ਚੰਗੇ ਹਨ ਪਰ ਤੁਹਾਡੇ ਤੋਂ ਅਮੀਰ ਕੋਈ ਨਹੀਂ ਕਿਉਂਕਿ ਪਿਤਾ ਜੀ ਇਹੋ ਜਿਹੇ ਮਿਲੇ ਹਨ, ਜੁੱਗੋ ਜੁੱਗ ਅਟੱਲ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ। ਉਸ ਅਰਸ਼ਾਂ ਦੇ ਦਾਤੇ ਪਿਤਾ ਜੀ ਦੇ ਪਿਆਰ ਵਿੱਚ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ।

## ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ :

ਅੱਜ ਬਹੁਤ ਪਿਆਰੀ ਰੂਹ ਦੇ ਦਰਸ਼ਨ ਕਰਨੇ ਹਨ, ਸਿੱਖ ਪੰਥ ਦੇ ਸਤਿਕਾਰਤ ਗੁਰਮੁੱਖ ਪਿਆਰੇ ਪ੍ਰਕਰਨ ਵਿੱਚ :

***ਧੰਨ ਧੰਨ ਭਾਈ ਸੁਥਰਾ ਸ਼ਾਹ ਜੀ ।***

ਜਿਨ੍ਹਾਂ ਦੇ ਪ੍ਰਚਾਰ ਕਰਨ ਦਾ ਅਨੋਖਾ ਜਿਹਾ ਢੰਗ ਸੀ। ਇਨ੍ਹਾਂ ਨੂੰ ਭਾਈ ਸੁਥਰੇ ਸ਼ਾਹ ਜੀ ਵੀ ਕਿਹਾ ਜਾਂਦਾ ਹੈ। ਭਾਈ ਸੁਥਰਾ ਵੀ ਕਿਹਾ ਜਾਂਦਾ ਹੈ।

ਦਾਸ ਨੇ ਜਦੋਂ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੂੰ ਪੜ੍ਹਿਆ ਤੇ ਉਨ੍ਹਾਂ ਨੇ ਭਾਈ ਸੁਥਰਾ ਜੀ ਦਾ ਨਾਂ ਪ੍ਰਚਾਰਕ ਸਿੱਖਾਂ ਦੀ ਲਿਸਟ ਵਿੱਚ ਪਾਇਆ ਹੋਇਆ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਸੂਰਮੇ ਸਿੱਖ, ਸ਼ਰਧਾਲੂ ਸਿੱਖ, ਪ੍ਰਚਾਰਕ ਸਿੱਖ ਬਾਰੇ ਲਿਖਿਆ ਹੈ। ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਭਾਈ ਸੁਥਰਾ ਜੀ ਦਾ ਨਾਂ ਪ੍ਰਚਾਰਕ ਸਿੱਖਾਂ ਵਿੱਚ ਗਿਣਿਆ ਹੈ। ਪ੍ਰਚਾਰ ਦਾ ਨਿਵੇਕਲਾ ਹੀ ਢੰਗ ਸੀ।

ਤਵਾਰੀਖ ਖਾਲਸਾ ਵਿੱਚ ਵੀ ਇਨ੍ਹਾਂ ਦਾ ਜ਼ਿਕਰ ਗਿਆਨੀ ਗਿਆਨ ਸਿੰਘ ਜੀ ਨੇ ਕੀਤਾ ਹੈ। ਭਾਈ ਸੁਥਰਾ ਜੀ ਉਹ ਸਿੱਖ ਹੋਏ ਹਨ ਜਿਨ੍ਹਾਂ ਨੂੰ ਜਨਮ ਤੋਂ ਹੀ ਛੇਵੇਂ ਪਾਤਸ਼ਾਹ ਜੀ ਦੀ ਗੋਦ ਦਾ ਅਨੰਦ ਮਿਲਿਆ ਹੈ। ਭਾਈ ਸੁਥਰਾ ਜੀ ਉਹ ਹੋਏ ਹਨ, ਜਿਨ੍ਹਾਂ ਦੀ ਪਾਲਣਾ ਛੇਵੇਂ ਪਾਤਸ਼ਾਹ ਜੀ ਨੇ ਆਪ ਕੀਤੀ ਹੈ। ਹੁਣ ਧਿਆਨ ਦੇਣਾ, ਭਾਈ ਸੁਥਰਾ ਜੀ ਉਹ ਹੋਏ ਹਨ, ਜਿਨ੍ਹਾਂ ਨੂੰ ਇੱਕ ਮਾਣ ਪ੍ਰਾਪਤ ਹੈ। ਦਸ ਪਾਤਸ਼ਾਹੀਆਂ ਵਿੱਚੋਂ ਇਨ੍ਹਾਂ ਨੂੰ ਪੰਜ ਪਾਤਸ਼ਾਹੀਆਂ ਦੇ ਦਰਸ਼ਨ ਨਸੀਬ ਹੋਏ ਹਨ। ਛੇਵੇਂ ਪਾਤਸ਼ਾਹ ਜੀ ਤੋਂ ਦਸਵੇਂ ਪਾਤਸ਼ਾਹ ਜੀ ਤੱਕ ਦਰਸ਼ਨ ਹੋਏ ਹਨ। ਗੁਰੂ ਸਾਹਿਬ ਸੇਵਾ ਲੈਣ।

ਭਾਈ ਸੁਥਰਾ ਜੀ ਉਹ ਹੋਏ ਹਨ ਜਿਨ੍ਹਾਂ ਦੀ ਪਾਲਣਾ ਛੇਵੇਂ ਪਾਤਸ਼ਾਹ ਜੀ ਨੇ ਆਪਣੇ ਹੱਥੀਂ ਕੀਤੀ। ਇੱਕ-ਦੋ ਰਾਈਟਰਾਂ ਨੇ ਬਾਰਾਮੂਲਾ ਲਿਖਿਆ ਹੈ, ਕਸ਼ਮੀਰ ਦੇ ਕੋਲ। ਬਾਕੀ ਦੇ

ਰਾਈਟਰਾਂ ਨੇ ਗੁਰਦਾਸਪੁਰ ਤੋਂ ਦਸ ਕਿਲੋਮੀਟਰ ਦੂਰ, ਬਹਿਰਾਮਪੁਰ ਲਿਖਿਆ ਹੈ। ਰਸਤਾ ਉਹੀ ਹੈ, ਗੁਰਦਾਸਪੁਰ ਤੋਂ ਪਠਾਨਕੋਟ ਜੰਮੂ ਕਸ਼ਮੀਰ। ਜਦੋਂ ਮਹਾਰਾਜ ਜੀ ਸ੍ਰੀ ਨਗਰ ਗਏ। ਵਾਕਿਆ, ਉਦੋਂ ਦਾ ਹੀ ਹੈ। ਬਹੁਤੇ ਰਾਈਟਰਾਂ ਨੇ ਗੁਰਦਾਸਪੁਰ ਤੋਂ ਦਸ ਕਿਲੋਮੀਟਰ ਦੂਰ ਬਹਿਰਾਮਪੁਰ ਲਿਖਿਆ ਹੈ। ਉੱਥੇ ਗੁਰਦੁਆਰਾ ਸਾਹਿਬ ਵੀ ਸੁਸ਼ੋਭਿਤ ਹੈ, ਗੁਰਦੁਆਰਾ ਸੁਥਰੇ ਸ਼ਾਹ। ਨਾਲ ਲਿਖਿਆ ਹੈ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੀ ਚਰਨ ਛੋਹ ਪ੍ਰਾਪਤ ਗੁਰਦੁਆਰਾ ਸਾਹਿਬ। ਜ਼ਿਆਦਾ ਰਾਈਟਰਾਂ ਨੇ ਇਹ ਲਿਖਿਆ ਹੈ ਕਿ ਇਧਰ ਜਨਮ ਹੋਇਆ ਭਾਈ ਸੁਥਰਾ ਜੀ ਦਾ। ਭਾਈ ਸੁਥਰਾ ਸ਼ਾਹ ਜੀ ਦੀ ਮਾਤਾ ਜੀ ਦਾ ਨਾਂ ਇਤਿਹਾਸ ਵਿੱਚ ਆਇਆ ਹੈ, ਯਸ਼ ਦੇਵੀ। ਪਿਤਾ ਜੀ ਦਾ ਨਾਂ ਆਇਆ ਹੈ, ਬਿਹਾਰੀ ਲਾਲ ਨੰਦ ਖੱਤਰੀ।

ਸਾਡੇ ਪਿਤਾ ਜੀ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ, ਜਦੋਂ ਮਹਾਰਾਜ ਜੀ ਸ੍ਰੀ ਨਗਰ ਜਾ ਰਹੇ ਹਨ, ਮਾਤਾ ਭਾਗ ਭਰੀ ਜੀ ਦੀਆਂ ਫਰਿਆਦਾਂ ਤੇ। ਕਈ ਜਗ੍ਹਾ ਤੇ ਝਾੜੀਆਂ ਲਿਖਿਆ ਹੈ ਤੇ ਕਈ ਜਗ੍ਹਾ ਤੇ ਕੂੜੇ ਦਾ ਢੇਰ ਲਿਖਿਆ ਹੈ। ਕੂੜੇ ਦੇ ਢੇਰ ਸਮਝ ਲਵੋ ਜਾਂ ਝਾੜੀਆਂ ਵਿੱਚੋਂ ਬੱਚੇ ਦੇ ਰੋਣ ਦੀ ਅਵਾਜ਼ ਆ ਰਹੀ ਹੈ। ਵੇਖੋ ਕੈਸੇ ਹਨ ਸਾਡੇ ਪਿਤਾ ਜੀ, ਘੋੜਾ ਰੁਕ ਗਿਆ, ਛੇਵੇਂ ਪਾਤਸ਼ਾਹ ਜੀ ਦਾ। ਔਰ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਛੇਵੇਂ ਪਾਤਸ਼ਾਹ ਜੀ ਦਾ ਬੜਾ ਪਿਆਰਾ ਸਿੱਖ, ਭਾਈ ਭਗਤੂ ਜੀ। ਸਾਡੇ ਪਿਤਾ ਜੀ ਘੋੜੇ ਤੇ ਬੈਠੇ ਕਹਿੰਦੇ ਹਨ, ਭਾਈ ਭਗਤੂ ਜੀ, ਲੱਭੋ, ਕਿਹੜੇ ਪਾਸੇ ਤੋਂ ਬੱਚੇ ਦੇ ਰੋਣ ਦੀ ਅਵਾਜ਼ ਆ ਰਹੀ ਹੈ। ਬੱਚੇ ਨੂੰ ਲੱਭੋ। ਜਦੋਂ ਭਾਈ ਭਗਤੂ ਜੀ ਨੇ ਲੱਭਿਆ ਤੇ ਝਾੜੀਆਂ ਵਿੱਚ ਗੰਦਗੀ ਵਾਲੀ ਜਗ੍ਹਾ, ਉੱਥੇ ਇਸ ਬੱਚੇ ਨੂੰ ਸੁੱਟਿਆ ਹੋਇਆ ਸੀ। ਮਹਾਰਾਜ ਜੀ, ਲੱਭ ਪਿਆ ਹੈ ਬੱਚਾ। ਕੋਈ ਮਾਂ ਸੁੱਟ ਗਈ ਹੈ, ਬੱਚੇ ਨੂੰ। ਇਸ ਨੂੰ ਕਿਉਂ ਸੁੱਟਿਆ ਹੈ? ਮਾਤਾ ਯਸ਼ ਦੇਵੀ, ਬਿਹਾਰੀ ਲਾਲ ਨੇ ਇਸ ਬੱਚੇ ਨੂੰ ਕਿਉਂ ਸੁੱਟਿਆ ਹੈ? ਧਿਆਨ ਦੇਣਾ। ਜਦੋਂ ਇਸ ਬੱਚੇ ਦਾ ਜਨਮ ਹੋਇਆ ਤੇ ਜਨਮ ਹੁੰਦਿਆਂ ਹੀ ਚਿਹਰੇ ਤੇ ਦਾਹੜੀ ਹੈ। ਦੂਸਰਾ, ਜਦੋਂ ਇਸ ਬੱਚੇ ਦਾ ਜਨਮ ਹੋਇਆ ਤੇ ਆਮ ਬੱਚੇ ਦੇ ਕੁਝ ਮਹੀਨਿਆਂ ਬਾਅਦ ਦੰਦੀਆਂ ਆਉਂਦੀਆਂ ਹਨ। ਇਸ ਬੱਚੇ ਦੇ ਦੰਦ ਜਨਮ ਤੋਂ ਹੀ ਨਿਕਲੇ ਹੋਏ ਹਨ। ਉੱਥੋਂ ਦਾ ਵਹਿਮਾਂ ਵਿੱਚ ਪਾਉਣ ਵਾਲਾ ਇੱਕ ਸਿਆਣਾ ਉਸ ਨੇ ਇਹ ਆਖ ਦਿੱਤਾ ਕਿ ਇਹ ਬੱਚਾ ਇਸ ਪਰਿਵਾਰ ਲਈ ਵੀ ਤੇ ਪਿੰਡ ਲਈ ਵੀ ਇਹੋ ਜਿਹਾ ਅਸ਼ੁੱਭ ਹੈ, ਇਸ ਬੱਚੇ ਨਾਲ ਸਾਰੇ ਪਿੰਡ ਅਤੇ ਪਰਿਵਾਰ ਦਾ ਪਤਨ ਵੀ ਹੋ ਜਾਵੇਗਾ।

ਹੁਣ ਦੱਸੋ ਕਦੀ ਕੋਈ ਮਾਂ ਸੁੱਟਦੀ ਹੈ, ਬੱਚੇ ਨੂੰ। ਜਿਹੋ ਜਿਹਾ ਮਰਜ਼ੀ ਬੱਚਾ ਹੋਵੇ ਪਰ ਹਰ ਮਾਂ ਨੂੰ ਆਪਣਾ ਬੱਚਾ ਪਿਆਰਾ ਹੁੰਦਾ ਹੈ। ਪਿੰਡ ਵਾਲੇ ਮਗਰ ਪੈ ਗਏ ਕਿ ਫਲਾਣਾ ਸਿਆਣਾ ਕਹਿ ਰਿਹਾ ਹੈ, ਇਹ ਬੱਚਾ ਪਿੰਡ ਦੇ ਪਤਨ ਦਾ ਕਾਰਨ ਬਣੇਗਾ, ਇਹ ਅਸ਼ੁੱਭ ਹੈ। ਜੰਮਦਿਆਂ ਹੀ ਦਾਹੜੀ, ਜੰਮਦਿਆਂ ਹੀ ਦੰਦ। ਇਸ ਨੂੰ ਸੁੱਟ ਦਿਓ। ਜੇ ਉਹ ਸਿਆਣਾ ਕਹਿੰਦਾ, ਇਕੱਲੇ ਪਰਿਵਾਰ ਦਾ ਤਾਂ ਹੋਰ ਗੱਲ ਸੀ ਪਰ ਉਸ ਨੇ ਨਾਲ ਪਿੰਡ ਦਾ ਵੀ ਕਹਿ ਦਿੱਤਾ। ਜ਼ਰਾ ਧਿਆਨ ਦੇਣਾ। ਬਹੁਗਿਣਤੀ ਅੱਗੇ ਮਾਂ ਦੀ ਨਹੀਂ ਚੱਲੀ। ਇਹ ਜੰਮਦਿਆਂ ਹੀ ਅਸ਼ੁੱਭ ਹੈ। ਸਾਰੇ ਪਿੰਡ ਦਾ ਪਤਨ ਹੋ ਜਾਵੇਗਾ। ਇਸ ਨੂੰ ਝਾੜੀਆਂ ਵਿੱਚ ਆਪੇ ਕੁੱਤੇ ਬਿੱਲੇ ਖਾ ਜਾਣਗੇ। ਇੱਕ ਦਿਨ ਦਾ ਬੱਚਾ ਕੀ ਹੁੰਦਾ ਹੈ। ਇਸ ਨੂੰ ਸੁੱਟ ਦਿਓ। ਜ਼ਰਾ ਧਿਆਨ ਦੇਣਾ। ਮਾਂ ਦੀ ਇਕੱਠ ਅੱਗੇ ਨਹੀਂ ਚਲੀ। ਜਦੋਂ ਬੱਚੇ ਨੂੰ ਕੱਪੜੇ ਵਿੱਚ ਲਪੇਟ ਕੇ ਸੁੱਟਣ ਚਲੇ ਤੇ ਮਾਂ ਯਸ਼ ਦੇਵੀ ਦੇ ਹਿਰਦੇ ਵਿੱਚੋਂ ਇੱਕ ਅਰਦਾਸ ਨਿਕਲੀ। ਵੇਖੋ ਅਰਦਾਸ ਵਿੱਚ ਕਿੰਨੀ ਤਾਕਤ ਹੈ। ਉਸ ਦੇ ਹਿਰਦੇ ਵਿੱਚੋਂ ਕੀ ਅਰਦਾਸ ਨਿਕਲੀ? ਐ

ਪਰਮੇਸ਼ਰ, ਇਹ ਸਾਰੇ ਪਿੰਡ ਵਾਲੇ ਰਲ ਕੇ ਮੇਰੇ ਬੱਚੇ ਨੂੰ ਸੁੱਟਣ ਚਲੇ ਹਨ। ਮੁੱਖ ਤੇ ਦਾਹੜੀ ਤੇ ਦੰਦ ਹਨ। ਇਹ ਅਸ਼ੁੱਭ ਹੈ। ਕਹਿੰਦੇ ਹਨ ਕਿ ਇਹ ਪਤਨ ਦਾ ਕਾਰਨ ਹੈ, ਪਿੰਡ ਲਈ। ਇਨ੍ਹਾਂ ਅੱਗੇ ਮੇਰੀ ਨਹੀਂ ਚਲਦੀ। ਇਹ ਸਾਰੇ ਰਲ ਕੇ ਮੇਰੇ ਬੱਚੇ ਨੂੰ ਸੁੱਟਣ ਚਲੇ ਹਨ। ਐ ਪਰਮੇਸ਼ਰ, ਇਸ ਬੱਚੇ ਨੇ ਮੇਰੀ ਕੁੱਖ ਤੋਂ ਜਨਮ ਲਿਆ ਹੈ, ਇਸ ਦੀ ਰੱਖਿਆ ਕਰੀਂ। ਐ ਪਰਮੇਸ਼ਰ, ਜਿਹੜੇ ਰੂਪ ਵਿੱਚ ਵੀ ਧਰਤੀ 'ਤੇ ਹੋ, ਇਹੋ ਜਿਹੀ ਕਿਰਪਾ ਵਰਤਾਈਂ ਕਿ ਇਹ ਬੱਚਾ ਮੇਰੇ ਘਰ ਦਾ ਤਾਂ ਚਿਰਾਗ ਨਹੀਂ ਬਨਿਆ ਪਰ ਕਿਸੇ ਨਾ ਕਿਸੇ ਘਰ ਦਾ ਚਿਰਾਗ ਜ਼ਰੂਰ ਬਣੇ।

ਪਰਮੇਸ਼ਰ ਅੱਗੇ ਅਰਦਾਸ ਕੀਤੀ। ਵੇਖੋ, ਉਸ ਦੀ ਅਰਦਾਸ ਪਹੁੰਚ ਗਈ। ਮੇਰੀ ਕੁੱਖ ਵਿੱਚੋਂ ਜਨਮ ਲਿਆ, ਪਿੰਡ ਦੇ ਇਕੱਠ ਅੱਗੇ ਮੇਰੀ ਇੱਕ ਨਹੀਂ ਚੱਲ ਰਹੀ। ਇਹ ਮੇਰਾ ਬੱਚਾ ਸੁੱਟਣ ਚਲੇ ਹਨ ਪਰ ਤੂੰ ਘਟ ਘਟ ਵਿੱਚ ਹੈਂ ਤੇ ਜਿਹੜੇ ਰੂਪ ਵਿੱਚ ਧਰਤੀ ਉੱਤੇ ਆਇਆ ਹੈਂ। ਮੇਰੇ ਘਰ ਦਾ ਚਿਰਾਗ ਨਹੀਂ ਬਨਿਆ ਪਰ ਇੱਕ ਕਿਰਪਾ ਕਰੀਂ, ਕਿਸੇ ਨਾ ਕਿਸੇ ਜਗ੍ਹਾ ਦਾ ਚਿਰਾਗ ਬਣਾ ਦੇਵੀਂ। ਹੁਣ ਕੀ ਪਤਾ ਸੀ ਕਿ ਧੰਨ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਘਰ ਦਾ ਹੀ ਚਿਰਾਗ ਬਣ ਜਾਣਗੇ। ਕਿਸੇ ਗੁਰੂ ਸਾਹਿਬ ਨੇ ਇਸ ਤੇ ਗੁੱਸਾ ਨਹੀਂ ਕੀਤਾ। ਦੂਜਿਆਂ ਨੂੰ ਜਾਗ੍ਰਿਤੀ ਦੇਣ ਵਾਲਾ ਚਿਰਾਗ। ਉਹ ਪਰਮੇਸ਼ਰ ਉਸ ਵੇਲੇ ਕਿਹੜੇ ਰੂਪ ਵਿੱਚ ਧਰਤੀ 'ਤੇ ਸੀ:

***ਧੰਨ ਹੈਂ, ਧੰਨ ਹੈਂ, ਧੰਨ ਹੈਂ,***
***ਗੁਰੂ ਹਰਿਗੋਬਿੰਦ ਸਾਹਿਬ ਜੀ ਧੰਨ ਹੈਂ।***

---------

***ਪੰਜਿ ਪਿਆਲੇ ਪੰਜਿ ਪੀਰ ਛਠਮੁ ਪੀਰੁ ਬੈਠਾ ਗੁਰੁ ਭਾਰੀ।***
***ਅਰਜਨੁ ਕਾਇਆ ਪਲਟਿ ਕੈ ਮੂਰਤਿ ਹਰਿਗੋਬਿੰਦ ਸਵਾਰੀ॥***
*(ਵਾਰ ੧, ਪਉੜੀ ੪੮)*

***ਸਾਰਿ ਸਮਾਲੈ ਨਿਤਿ ਪ੍ਰਤਿਪਾਲੈ ਪ੍ਰੇਮ ਸਹਿਤ ਗਲਿ ਲਾਵੈ॥***
*(ਅੰਗ ੬੧੭)*

***ਤੁਮ ਦਾਤੇ ਠਾਕੁਰ ਪ੍ਰਤਿਪਾਲਕ***
***ਨਾਇਕ ਖਸਮ ਹਮਾਰੇ॥***
***ਨਿਮਖ ਨਿਮਖ ਤੁਮ ਹੀ ਪ੍ਰਤਿਪਾਲਹੁ***
***ਹਮ ਬਾਰਿਕ ਤੁਮਰੇ ਧਾਰੇ॥੧॥***
*(ਅੰਗ ੬੭੪)*

***ਕੋਟਿ ਬ੍ਰਹਮੰਡ ਕੋ ਠਾਕੁਰੁ ਸੁਆਮੀ***
***ਸਰਬ ਜੀਆ ਕਾ ਦਾਤਾ ਰੇ॥***
***ਪ੍ਰਤਿਪਾਲੈ ਨਿਤ ਸਾਰਿ ਸਮਾਲੈ***
***ਇਕੁ ਗੁਨੁ ਨਹੀ ਮੂਰਖਿ ਜਾਤਾ ਰੇ॥੧॥***
*(ਅੰਗ ੬੧੨)*

***ਧੰਨ ਹੈਂ, ਧੰਨ ਹੈਂ, ਧੰਨ ਹੈਂ,***
***ਗੁਰੂ ਹਰਿਗੋਬਿੰਦ ਸਾਹਿਬ ਜੀ ਧੰਨ ਹੈਂ।***

ਮਹਾਰਾਜ ਜੀ ਕਹਿਣ ਲੱਗੇ, ਭਾਈ ਭਗਤੂ ਜੀ ਲੱਭੋ ਰੋਣ ਦੀ ਅਵਾਜ਼ ਕਿੱਥੋਂ ਆ ਰਹੀ ਹੈ?
***ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ।***

-----------

***ਦੋ ਕਿਰਪਾਨਾਂ ਬੱਧੀਆਂ,***
***ਇੱਕ ਮੀਰੀ ਦੀ, ਇੱਕ ਪੀਰੀ ਦੀ।***
***ਇੱਕ ਰਾਜ ਦੀ, ਇੱਕ ਅਜ਼ਮਤ ਦੀ,***
***ਇੱਕ ਰਾਖੀ ਕਰੇ ਫ਼ਕੀਰੀ ਦੀ।***

ਇੱਕ ਗਰੀਬ ਦੀ ਰਖਵਾਲੀ ਲਈ। ਮਹਾਰਾਜ ਜੀ ਕਹਿਣ ਲੱਗੇ, ਭਾਈ ਭਗਤੂ ਜੀ ਸਾਡੇ ਕੋਲ ਸਹਾਰੀ ਨਹੀਂ ਜਾ ਰਹੀ, ਬੱਚੇ ਦੇ ਰੋਣ ਦੀ ਅਵਾਜ਼। ਉਨ੍ਹਾਂ ਨੇ ਦੋ-ਚਾਰ ਮਿੰਟ ਵਿੱਚ ਲੱਭਿਆ। ਝਾੜੀਆਂ ਵਿੱਚ, ਗੰਦਗੀ ਵਾਲੀ ਜਗ੍ਹਾ, ਉੱਥੇ ਅਵਾਜ਼। ਮਹਾਰਾਜ ਜੀ, ਇਹ ਬੱਚਾ ਲੱਭ ਪਿਆ ਹੈ, ਛੇਵੇਂ ਪਾਤਸ਼ਾਹ ਜੀ ਘੋੜੇ ਤੋਂ ਉੱਤਰ ਆਏ। ਕੋਲ ਆ ਗਏ। ਇੱਕ ਗੋਡਾ ਜ਼ਮੀਨ ਤੇ, ਇੱਕ ਗੋਡੇ ਉੱਤੇ ਤੇ ਮਹਾਰਾਜ ਜੀ ਕਹਿੰਦੇ, ਭਗਤੂ ਜੀ, ਪਕੜੋ ਬੱਚੇ ਨੂੰ ਤੇ ਭਾਈ ਭਗਤੂ ਜੀ ਦੇ ਮੁੱਖ ਵਿੱਚੋਂ ਨਿਕਲ ਗਿਆ, ਬੱਚਾ ਕੁਥਰਾ ਹੈ। ਕੁਥਰਾ ਉਧਰੋਂ ਕਸ਼ਮੀਰ ਦੀ ਬੋਲੀ

ਹੈ, ਗੰਦਾ ਹੈ, ਲਿਬੜਿਆ ਹੈ। ਬੱਚਾ ਕੁਥਰਾ ਹੈ। ਇਹ ਸੁਣ ਕੇ ਪਿਤਾ ਜੀ ਦੇ ਮੁੱਖ ਵਿੱਚੋਂ ਬਚਨ ਨਿਕਲਣ ਕਰਕੇ ਕਰਮ ਬਦਲ ਦਿੱਤੇ। ਭਾਈ ਭਗਤੂ ਜੀ ਕਹਿਣ ਲੱਗੇ, ਬੱਚਾ ਕੁਥਰਾ ਹੈ ਤੇ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁੱਖ ਵਿੱਚੋਂ ਬਚਨ ਨਿਕਲਿਆ, ਕੁਥਰਾ ਨਹੀਂ, ਸੁਥਰਾ ਹੈ। ਗੰਦਾ ਨਹੀਂ। ਮਹਾਰਾਜ ਜੀ ਕਹਿੰਦੇ, ਸੁੰਦਰ ਬੱਚੇ ਵੀ ਅਸ਼ੁੱਭ ਹੋ ਸਕਦੇ ਹਨ। ਇਹ ਨਹੀਂ ਕਿ ਸੁੰਦਰਤਾ ਵਿੱਚ ਨਹੀਂ ਤੇ ਸ਼ੁਭ ਨਹੀਂ। ਇਹ ਕੁਥਰਾ ਨਹੀਂ, ਸੁਥਰਾ ਹੈ। ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸ ਬੱਚੇ ਨੂੰ ਆਪ ਚੁੱਕਿਆ। ਆਪ ਗੰਦਗੀ ਪੂੰਝੀ। ਆਪ ਸਾਫ ਕੀਤਾ। ਉਹ ਰਸਨਾ, ਜਿਸ ਦੇ ਕਰਮਾਂ ਵਿੱਚ ਇੱਕ ਪੁੱਤਰ ਨਹੀਂ, ਸੱਤ ਝੋਲੀ ਵਿੱਚ ਪਾ ਸਕਦੇ ਹਨ, ਉਸ ਰਸਨਾ ਨੇ ਆਖਿਆ, ਕੁਥਰਾ ਨਹੀਂ, ਸੁਥਰਾ ਹੈ। ਇਸ ਬਚਨ ਨੇ, ਉਸ ਦੀ ਜ਼ਿੰਦਗੀ ਦੇ ਸਾਰੇ ਕਰਮ ਬਦਲ ਦਿੱਤੇ।

***ਲਖ ਖੁਸੀਆ ਪਾਤਿਸਾਹੀਆ***
***ਜੇ ਸਤਿਗੁਰੁ ਨਦਰਿ ਕਰੇਇ॥***
***ਨਿਮਖ ਏਕ ਹਰਿ ਨਾਮੁ ਦੇਇ***
***ਮੇਰਾ ਮਨੁ ਤਨੁ ਸੀਤਲੁ ਹੋਇ॥***

*(ਅੰਗ ੪੪)*

ਇੱਕ ਕਵੀ ਨੇ ਆਪਣਾ ਖਿਆਲ ਰੱਖਿਆ, ਇਹ ਸਮਾਂ ਜਦੋਂ ਪੜ੍ਹਿਆ ਹੋਵੇਗਾ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਤੇ ਉਸ ਨੇ ਫਿਰ ਆਪਣਾ ਖਿਆਲ ਲਿਖਿਆ ਹੈ:

***ਕੁਥਰਾ ਕੁਥਰਾ ਕਿਉਂ ਕਹੈ, ਕੁਥਰਾ ਨਾ ਕੋਈ ਹੋਇ।***

ਗੰਦਾ ਗੰਦਾ ਕਿਉਂ ਕਹਿੰਦਾ ਹੈਂ, ਕੋਈ ਵੀ ਗੰਦਾ ਨਹੀਂ।

***ਕੁਥਰਾ ਕੁਥਰਾ ਕਿਉਂ ਕਹੈ, ਕੁਥਰਾ ਨਾ ਕੋਈ ਹੋਇ।***
***ਸਭ ਜਗ ਸੁਥਰਾ ਤਬ ਲਗੈ, ਮਨ ਸੁਥਰਾ ਜੇ ਹੋਇ।***

ਜੇ ਤੇਰਾ ਆਪਣਾ ਮਨ ਸੁਥਰਾ ਹੈ ਤੇ ਤੈਨੂੰ ਸਾਰੇ ਹੀ ਚੰਗੇ ਨਜ਼ਰ ਆਉਣਗੇ।

***ਸੁਖੀਏ ਕਉ ਪੇਖੈ ਸਭ ਸੁਖੀਆ***
***ਰੋਗੀ ਕੈ ਭਾਣੈ ਸਭ ਰੋਗੀ॥***
***ਕਰਣ ਕਰਾਵਨਹਾਰ ਸੁਆਮੀ***
***ਆਪਨ ਹਾਥਿ ਸੰਜੋਗੀ॥੧॥***

*(ਅੰਗ ੬੧੦)*

ਇਸ ਨੂੰ ਸਾਦੇ ਲਫਜ਼ਾਂ ਵਿੱਚ ਇਸ ਤਰ੍ਹਾਂ ਕਹਿ ਲਓ:

***ਜੈਸੀ ਦ੍ਰਿਸ਼ਟੀ ਤੈਸੀ ਸ੍ਰਿਸ਼ਟੀ।***

ਜਿਹੋ ਜਿਹੀ ਦ੍ਰਿਸ਼ਟੀ ਬਣਾ ਲਓ, ਉਸ ਤਰ੍ਹਾਂ ਦਾ ਹੀ ਸੰਸਾਰ ਨਜ਼ਰ ਆਉਂਦਾ ਹੈ। ਕੀ ਸੁਆਦ ਦੱਸੀਏ? ਹੁਣ ਵੇਖੋ, ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ, ਨਾ ਤਿਲਕ ਲਗਾਉਂਦੇ ਹਨ ਨਾ ਜੰਞੂ ਪਹਿਨਦੇ ਹਨ ਪਰ ਤਿਲਕ ਜੰਞੂ ਕਰਕੇ ਆਪਣਾ ਸੀਸ ਦੇ ਦਿੱਤਾ।

***ਸਤਿਗੁਰੁ ਸਭਨਾ ਦਾ ਭਲਾ ਮਨਾਇਦਾ***
***ਤਿਸ ਦਾ ਬੁਰਾ ਕਿਉ ਹੋਇ॥***

*(ਅੰਗ ੩੦੨)*

***ਸਤਿਗੁਰੁ ਅੰਦਰਹੁ ਨਿਰਵੈਰੁ ਹੈ***
***ਸਭੁ ਦੇਖੈ ਬ੍ਰਹਮੁ ਇਕੁ ਸੋਇ॥***

*(ਅੰਗ ੩੦੨)*

ਵੰਡੋ, ਤੁਸੀਂ ਵੀ ਗੁਣ ਵੰਡੋ। ਜੇ ਵਾਹਿਗੁਰੂ ਜੀ ਨੇ ਤੁਹਾਨੂੰ ਕੁਆਲਟੀ ਦਿੱਤੀ ਹੈ, ਸਿੱਖੀ ਇਹ ਹੈ ਕਿ ਉਸ ਨੂੰ ਵੰਡਣਾ ਹੈ। ਪਰਉਪਕਾਰ ਦੀਆਂ ਸੜਕਾਂ ਚੁਣਨੀਆਂ ਹਨ। ਮੈਂ ਤੇ ਮੇਰੀ ਦੀਆਂ ਸੜਕਾਂ ਨਹੀਂ ਚੁਣਨੀਆਂ। ਜਿਹੜਾ ਵਾਜਾ ਦਾਸ ਨੇ ਸਿੱਖਿਆ ਹੈ, ਥੋੜ੍ਹਾ ਔਖਾ ਸਿੱਖਿਆ ਹੈ। ਦਾਸ ਨੇ ਪਹਿਲਾ ਸ਼ਬਦ ਸਿੱਖਿਆ ਸੀ :

***ਪ੍ਰਭ ਜੀ ਤੂ ਮੇਰੇ ਪ੍ਰਾਨ ਅਧਾਰੈ॥***
***ਨਮਸਕਾਰ ਡੰਡਉਤਿ ਬੰਦਨਾ***
***ਅਨਿਕ ਬਾਰ ਜਾਉ ਬਾਰੈ॥੧॥ ਰਹਾਉ॥***

*(ਅੰਗ ੮੨੦)*

ਇਸ ਇਕੋ ਪੰਕਤੀ ਤੇ ਹੀ ਦੋ ਮਹੀਨੇ ਲੱਗ ਗਏ ਸੀ। ਦਾਸ ਨੇ ਸਾਈਕਲ ਤੇ ਜਾਣਾ ਕੀਰਤਨ ਸਿੱਖਣ। ਘਰ ਤੋਂ ਕਾਫੀ ਦੂਰ ਸੀ। ਉਨ੍ਹਾਂ ਨੇ ਇਸੇ ਪੰਕਤੀ ਤੇ ਹੀ ਦੋ ਮਹੀਨੇ ਲਗਾ ਦਿੱਤੇ। ਦਾਸ ਨੇ ਕਹਿਣਾ ਕਿ ਅਗਲੀ ਪੰਕਤੀ ਸਿਖਾ ਦਿਓ। ਉਨ੍ਹਾਂ ਨੇ ਕਹਿਣਾ ਕਿ ਇਸੀ ਪੰਕਤੀ ਤੇ ਹੀ ਪ੍ਰੈਕਟਿਸ ਕਰੋ। ਉਦੋਂ ਮਨ ਵਿੱਚ ਇੱਕ ਅਰਦਾਸ ਕੀਤੀ ਸੀ, ਜਦੋਂ ਵਾਜਾ ਆ ਗਿਆ ਤੇ ਤੁਸੀਂ ਸਿਰ ਤੇ ਹੱਥ ਰੱਖਣਾ, ਗੱਫੇ ਖੁੱਲ੍ਹੇ ਹੀ ਵੰਡੇ ਜਾਣ। ਹੁਣ ਤਾਂ ਦਾਸ ਆਪ ਨਹੀਂ ਸਿਖਾਉਂਦਾ, ਰੁਝੇਵਿਆਂ ਕਰਕੇ। ਦਸ-ਬਾਰ੍ਹਾਂ ਸਾਲ ਪਹਿਲਾਂ ਆਪ ਵੀ ਸਿਖਾਈਦਾ ਸੀ। ਦਾਸ ਨੂੰ ਯਾਦ ਹੈ, ਉਦੋਂ ਰੀਝ ਹੁੰਦੀ ਸੀ ਕਿ ਆਪਾਂ ਔਖਾ ਸਿੱਖਿਆ ਹੈ ਪਰ ਬਾਬੇ ਦਾ ਖੁੱਲ੍ਹਾ ਗੱਫਾ ਚਲੇ। ਜਿਹੜਾ ਅਨਜਾਣ ਹੈ, ਕੋਸ਼ਿਸ਼ ਹੁੰਦੀ ਸੀ ਕਿ ਉਹ ਵੀ ਚੱਲ ਪਵੇ। ਅਸੀਂ ਵੀ ਸਤ ਸਰਗਮਾਂ ਪੂਰੀਆਂ ਕਰਕੇ ਹਫਤੇ ਵਿੱਚ ਹੀ ਫਿਰ ਸਿੱਧਾ ਚਾਰ ਸੁਰਾਂ ਤੇ ਸ਼ਬਦ ਕਰਵਾ ਦੇਈਦਾ ਹੈ ਤਾਂ ਕਿ ਹਰ ਬੰਦਾ ਚੱਲ ਪਵੇ। ਦਾਸ ਨੂੰ ਅੱਜ ਤੱਕ ਟਿਊਨ ਯਾਦ ਹੈ, ਪਹਿਲਾਂ ਸ਼ਬਦ ਇਹ ਕਰਵਾਉਂਦੇ ਸੀ:

***ਮਾਂਗਉ ਰਾਮ ਤੇ ਇਕੁ ਦਾਨੁ ॥***
***ਸਗਲ ਮਨੋਰਥ ਪੂਰਨ ਹੋਵਹਿ***
***ਸਿਮਰਉ ਤੁਮਰਾ ਨਾਮੁ ॥੧॥ ਰਹਾਉ ॥***

*(ਅੰਗ ੬੮੨)*

ਜਦੋਂ ਬੱਚੇ ਨੇ ਇਹ ਸ਼ਬਦ ਸਿੱਖ ਲੈਣਾ ਤੇ ਉਸੇ ਹੀ ਟਿਊਨ ਤੇ ਅਗਲਾ ਸ਼ਬਦ ਸਿਖਾਉਣਾ:

***ਪ੍ਰਭ ਸਿਉ ਲਾਗਿ ਰਹਿਓ ਮੇਰਾ ਚੀਤੁ ॥***
***ਆਦਿ ਅੰਤਿ ਪ੍ਰਭੁ ਸਦਾ ਸਹਾਈ***
***ਧੰਨੁ ਹਮਾਰਾ ਮੀਤੁ ॥ ਰਹਾਉ ॥***

*(ਅੰਗ ੬੮੨)*

ਦੋ-ਤਿੰਨ ਸ਼ਬਦ ਇਸੇ ਟਿਊਨ ਤੇ ਸਿਖਾ ਦੇਣਾ। ਸੁਰਾਂ ਉਹੀ ਹੀ ਹਨ। ਉਸ ਬੱਚੇ ਨੇ ਸ਼ੇਰ ਬਣ ਜਾਣਾ। ਮੈਨੂੰ ਤਿੰਨ ਸ਼ਬਦ ਆ ਗਏ ਹਨ। ਫਿਰ ਦੋ ਸੁਰਾਂ ਵਧਾ ਦੇਣੀਆਂ। ਅਗਲੀ ਟਿਊਨ ਹੁੰਦੀ ਸੀ, ਸਾਡੀ:

***ਰਾਮਈਆ ਹਉ ਬਾਰਿਕੁ ਤੇਰਾ ॥***
***ਕਾਹੇ ਨ ਖੰਡਸਿ ਅਵਗਨੁ ਮੇਰਾ ॥੧॥ ਰਹਾਉ ॥***

*(ਅੰਗ ੪੭੮)*

95% ਨੇ ਚੱਲ ਪੈਣਾ। ਭਾਈ ਪ੍ਰੇਮ ਸਿੰਘ ਜੀ ਹੁਣ ਚੋਲਾ ਬਦਲ ਗਏ ਹਨ। ਉਨ੍ਹਾਂ ਨੇ ਇੱਕ ਟਿਊਨ ਕੱਢੀ ਸੀ:

***ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ***
***ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥***

*(ਅੰਗ ੧੬੭)*

ਔਖੀ ਟਿਊਨ ਸੀ। ਪਹਿਲਾਂ ਹੇਠੋਂ ਸ਼ੁਰੂ ਹੋ ਕੇ ਉੱਪਰ ਨੂੰ ਜਾਣਾ ਤੇ ਫਿਰ ਉੱਪਰ ਤੋਂ ਸ਼ੁਰੂ ਹੋ ਕੇ ਹੇਠਾਂ ਨੂੰ ਜਾਣਾ। ਦਾਸ ਵਾਜਾ ਸਿਖਾ ਰਿਹਾ ਸੀ। ਕਾਪੀਆਂ ਲਗਾਈਆਂ ਹੁੰਦੀਆਂ ਸਨ ਕਿ ਕਿੰਨੇ ਸ਼ਬਦ ਬੱਚਾ ਸਿੱਖ ਚੁੱਕਾ ਹੈ। ਕਿਹੜਾ ਰਾਗ ਬੱਚੇ ਕੋਲੋਂ ਸੁਣ ਲਿਆ ਹੈ। ਕਿਹੜਾ ਅੰਤਰਾ ਬੱਚੇ ਕੋਲੋਂ ਸੁਣ ਲਿਆ ਹੈ। ਅੱਗੋਂ ਕੀ ਸਿਲੇਬਸ ਦੇਣਾ ਹੈ। ਰਿਹਰਸਲ ਕਰੋ। ਕਹਿਣ ਨੂੰ ਹੁੰਦਾ ਹੈ ਕਿ ਅਸੀਂ ਸਿਖਾ ਰਹੇ ਹਾਂ ਪਰ ਸਹੀ ਮਾਅਨਿਆਂ ਵਿੱਚ ਅਸੀਂ ਸਿਖਾ ਨਹੀਂ ਰਹੇ ਹੁੰਦੇ ਸਗੋਂ ਸਿੱਖ ਰਹੇ ਹੁੰਦੇ ਹਾਂ। ਸਿਖਾਉਣ ਵਾਲੇ ਦਾ ਰਿਆਜ ਵਧਦਾ ਹੈ ਜਦੋਂ ਉਹ ਸਿਖਾਉਂਦਾ ਹੈ। ਦਾਸ ਨੂੰ ਯਾਦ ਹੈ ਕਿ ਇੱਕ ਬੱਚੀ ਨੇ ਦਾਸ ਨੂੰ ਕੀਰਤਨ ਸਿਖਾਉਂਦਿਆਂ ਆਖਿਆ ਸੀ, ਵੀਰ ਜੀ, ਇਹ ਟਿਊਨ ਬੜੀ ਚੰਗੀ ਲੱਗਦੀ ਹੈ।

***ਹਮ ਰੁਲਤੇ ਫਿਰਤੇ ਕੋਈ ਬਾਤ ਨ ਪੂਛਤਾ***
***ਗੁਰ ਸਤਿਗੁਰ ਸੰਗਿ ਕੀਰੇ ਹਮ ਥਾਪੇ ॥***

*(ਅੰਗ ੧੬੭)*

ਇਸ ਸ਼ਬਦ ਦੀ ਟਿਊਨ ਬਹੁਤ ਔਖੀ ਸੀ। ਇਸ ਕੁੜੀ ਨੂੰ ਆਉਂਦੀ ਹੈ। ਇਸ ਨੂੰ ਕਹੋ ਕਿ ਮੈਨੂੰ

ਸਿਖਾ ਦੇਵੇ। ਦਾਸ ਨੇ ਉਸ ਬੱਚੀ ਨੂੰ ਕਿਹਾ ਕਿ ਤੈਨੂੰ ਇਹ ਟਿਊਨ ਆਉਂਦੀ ਹੈ। ਇਹ ਸਿੱਖਣਾ ਚਾਹੁੰਦੀ ਹੈ ਤੇ ਇਸ ਨੂੰ ਸਿਖਾ ਦੇ। ਤੇ ਉਹ ਅੱਗੋਂ ਕਹਿਣ ਲੱਗੀ, ਮੈਂ ਨਹੀਂ ਸਿਖਾਉਣੀ। ਦਾਸ ਨੇ ਕਿਹਾ ਕਿਉਂ? ਕਹਿਣ ਲੱਗੀ, ਕਿਤੇ ਦੀਵਾਨ ਹੋਇਆ, ਕਿਧਰੇ ਕੀਰਤਨ ਦੇ ਦੀਵਾਨ ਹੋਏ ਤੇ ਮੇਰੀ ਵੁੱਕਤ ਘੱਟ ਜਾਣੀ ਹੈ, ਜੇ ਮੈਂ ਇਸ ਨੂੰ ਇਹ ਸਿਖਾ ਦਿੱਤੀ। ਇਸ ਤੋਂ ਬਾਹਰ ਨਿਕਲਣਾ ਹੈ। ਇਹ ਸਾਡੇ ਗੁਰੂ ਸਾਹਿਬ ਦੇ ਮਾਰਗ ਹਨ। ਪੜ੍ਹਾਈ ਵਿੱਚ ਵੀ। ਦਾਸ ਤਾਂ ਇੱਥੋਂ ਤੱਕ ਕਹੇਗਾ, ਔਖੀਆਂ-ਔਖੀਆਂ ਪੜ੍ਹਾਈਆਂ ਹਨ। ਨਿੱਕੇ-ਨਿੱਕੇ ਪੈਰ ਤੇ ਮਸਲੇ ਹਨ। ਵੰਡ ਕੇ ਵੇਖੋ। ਹੁਣ ਤੁਹਾਡੀ ਕਲਾਸ ਵਿੱਚ ਵੀਹ ਬੱਚੇ ਹਨ। ਦੂਜਾ ਬੱਚਾ ਕਲਾਸ ਵਿੱਚ ਕਮਜ਼ੋਰ ਹੈ। ਜੇ ਤੁਹਾਡੇ ਮਨ ਵਿੱਚ ਆ ਜਾਵੇ, ਸਾਰੀ ਵਿਦਿਆ ਸਿਖਾ ਦਿੱਤੀ, ਕਿਤੇ ਮੇਰੇ ਨੰਬਰ ਘੱਟ ਨਾ ਆ ਜਾਣ। ਜੇ ਇਹ ਸੋਚ ਬਣੇਗੀ, ਘੱਟ ਆਉਣਗੇ ਹੀ। ਪੇਪਰਾਂ ਵੇਲੇ ਹੀ ਰੱਬ ਇੰਝ ਭੁਲਾ ਦਿੰਦਾ ਹੈ ਕਿ ਬੰਦਾ ਯਾਦ ਕਰਕੇ ਕੇ ਸੋਚਦਾ ਰਹਿੰਦਾ ਹੈ, ਇੱਥੇ ਕੀ ਸੀ ਪਰ ਯਾਦ ਨਹੀਂ ਆਉਂਦਾ।

ਵੰਡਣਾ ਹੈ। ਜੇ ਵਾਹਿਗੁਰੂ ਜੀ ਨੇ ਕੀਰਤਨ ਦਾ ਗੁਣ ਦਿੱਤਾ ਹੈ, ਬਾਣੀ ਸ਼ੁੱਧ ਦਾ ਗੁਣ ਦਿੱਤਾ ਹੈ, ਤਬਲੇ ਦਾ ਗੁਣ ਦਿੱਤਾ ਹੈ ਤੇ ਇਨ੍ਹਾਂ ਨੂੰ ਅੱਗੇ ਵੀ ਵੰਡੋ। ਸਿੱਖੀ ਇਹ ਹੈ। ਇਹ ਨਹੀਂ ਸੋਚਣਾ, ਇਹ ਮੇਰੇ ਤੋਂ ਕਦੇ ਅੱਗੇ ਨਾ ਲੰਘ ਜਾਵੇ। ਕਦੀ ਕਰਕੇ ਵੇਖਣਾ, ਗੁਰੂ ਸਾਹਿਬ ਦਸ ਗੁਣਾਂ ਬਰਕਤਾਂ ਗੁਪਤ ਰੂਪ ਵਿੱਚ ਤੁਹਾਡੇ ਘਰ ਭੇਜਣਗੇ। ਕੀ ਇਹ ਛੋਟੀਆਂ ਜਿਹੀਆਂ ਗੱਲਾਂ ਹਨ? ਨਾ ਤਿਲਕ ਲਗਾਉਣਾ, ਨਾ ਜੰਞੂ ਪਹਿਨਣਾ ਪਰ ਸਾਡੇ ਪਿਤਾ ਜੀ ਨੇ ਉਨ੍ਹਾਂ ਲਈ ਵੀ ਵੰਡਿਆ। ਸਾਨੂੰ ਪਰਉਪਕਾਰ ਦੇ ਰਸਤੇ ਦਿੱਤੇ ਹਨ।

ਇਹ ਬੜਾ ਵੱਡਾ ਪਰਉਪਕਾਰੀ ਸੀਨ ਹੈ। ਤਿੰਨ ਬਚਨ ਹਨ, ਧਿਆਨ ਦੇਣਾ। ਬੱਚਾ ਚੁੱਕਿਆ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ, ਸਾਫ ਕੀਤਾ ਤੇ ਮੁੱਖ ਤੋਂ ਪਹਿਲਾ ਬਚਨ ਕੀਤਾ- ਕੁਥਰਾ ਨਹੀਂ, ਸੁਥਰਾ ਹੈ। ਪਿਤਾ ਜੀ ਨੇ ਦੂਜਾ ਬਚਨ ਕੀਤਾ- ਭਾਈ ਭਗਤੂ ਜੀ, ਭਾਵੇਂ ਇਸ ਦੇ ਮੁੱਖ ਤੇ ਦਾਹੜੀ ਹੈ, ਦੰਦ ਹਨ ਪਰ ਇਸ ਦਾ ਮਨ ਇੰਨਾ ਸੁੰਦਰ ਹੋਵੇਗਾ ਕਿ ਜੁਗਾਂ-ਜੁਗਾਂ ਤੱਕ ਲੋਕ ਇਸ ਨੂੰ ਯਾਦ ਕਰਨਗੇ। ਤੀਸਰਾ ਬਚਨ ਛੇਵੇਂ ਪਾਤਸ਼ਾਹ ਜੀ ਨੇ ਕੀਤਾ- ਇਹ ਬੱਚਾ ਇਹੋ ਜਿਹਾ ਹੋਵੇਗਾ ਕਿ ਸਾਰਿਆਂ ਨੂੰ ਸਿੱਖਿਆ ਤੇ ਸ਼ਾਂਤੀ ਪ੍ਰਦਾਨ ਕਰੇਗਾ।

ਚੌਥੀ ਗੱਲ ਨੇ ਦਾਸ ਨੂੰ ਇੰਨਾ ਪ੍ਰਭਾਵਿਤ ਕੀਤਾ। ਦਾਸ ਦਾ ਦਿਲ ਕਰੇ ਕਿ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਚਰਨਾਂ ਨੂੰ ਜੱਫੀ ਪਾ ਲਈਏ। ਤੁਸੀਂ ਗੱਲ ਸਮਝਣਾ। ਸ਼ੀਸ਼ੀਆਂ ਹੁਣ ਆਈਆਂ ਹਨ, ਬੱਚੇ ਨੂੰ ਸ਼ੀਸ਼ੀ ਵਾਲਾ ਦੁੱਧ ਪਿਲਾਉਂਦੇ ਸਨ। ਉਦੋਂ ਸ਼ੀਸ਼ੀਆਂ ਨਹੀਂ ਸਨ ਹੁੰਦੀਆਂ। ਮਾਂ ਦਾ ਦੁੱਧ ਹੀ ਪਿਲਾਉਂਦੇ ਸਨ। ਸਾਡੇ ਪਿਤਾ ਜੀ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਭਾਈ ਸੁਥਰਾ ਸ਼ਾਹ ਜੀ ਦੀ ਸੰਭਾਲ ਕਰਦਿਆਂ ਕੌਲੀ ਵਿੱਚ ਦੁੱਧ ਪਾ ਕੇ ਪਿਲਾਉਣਾ। ਤੁਸੀਂ ਅਗਲੀ ਗੱਲ ਪੜ੍ਹ ਕੇ ਹੈਰਾਨ ਹੋ ਜਾਓਗੇ। ਛੇਵੇ ਪਾਤਸ਼ਾਹ ਜੀ ਨੇ ਰੂੰ ਦੁੱਧ ਵਿੱਚ ਗਿੱਲੀ ਕੇ ਬੱਚੇ ਦੇ ਮੁੱਖ ਕੋਲ ਰੂੰ ਲਿਆਉਣੀ ਤੇ ਉਸ ਨੂੰ ਨੱਪਣਾ, ਰੂੰ ਵਿੱਚੋਂ ਦੁੱਧ ਦੇ ਤੁਪਕੇ ਉਸ ਬੱਚੇ ਦੇ ਮੁੱਖ ਵਿੱਚ ਪਾਉਣੇ। ਰੂੰ ਭਿਉਂ ਕੇ ਗੁਰੂ ਸਾਹਿਬ ਆਪ ਛਕਾ ਰਹੇ ਹਨ। ਤੁਸੀਂ ਆਪ ਹੀ ਵੇਖ ਲਓ ਕਿ ਜੇ ਅਸੀਂ ਉਸ ਦੇ ਬਣ ਜਾਈਏ ਤਾਂ ਇਸ ਤਰ੍ਹਾਂ ਨੀਵੇਂ ਤੋਂ ਉੱਚਾ ਕਰ ਦਿੰਦਾ ਹੈ।

ਇਹ ਪ੍ਰਿੰਸੀਪਲ ਸਤਿਬੀਰ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ ਤਵਾਰੀਖ ਖਾਲਸਾ ਤੇ ਹੋਰ ਰਾਈਟਰਾਂ ਨੇ ਲਿਖਿਆ ਹੈ, ਹੋਣ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਤੇ ਰੂੰ ਦੁੱਧ ਵਿੱਚ ਭਿਉਂ ਕੇ ਉਸ ਨੂੰ ਫਿਰ ਨੱਪ-ਨੱਪ ਕੇ ਉਸ ਦੇ ਮੁੱਖ ਵਿੱਚ ਦੁੱਧ ਦੀਆਂ ਬੂੰਦਾ ਪਾਉਣ ਤੇ ਕਹਿੰਦੇ, ਉਹ ਦੁੱਧ ਦੀਆਂ

ਬੂੰਦਾਂ ਨਹੀਂ ਸਨ, ਭਗਤੀ ਤੇ ਪ੍ਰੇਮ ਦੇ ਕਿਨਕੇ ਉਸ ਦੇ ਕਰਮਾਂ ਵਿੱਚ ਪੈ ਗਏ। ਇਹ ਸੱਚਾਈਆਂ ਹਨ। ਕੌਣ ਹਨ, ਪਿਤਾ ਜੀ, ਸਮਰਪਿਤ ਹੋਣ ਦੀ ਲੋੜ ਹੈ। ਬੱਚੇ ਕੋਲ ਸਿਆਣਪ ਨਹੀਂ ਸੀ, ਨਿਆਸਰਾ ਸੀ। ਸਿਆਣਪ ਤਿਆਗਣ ਦੀ ਲੋੜ ਹੈ। ਫਿਰ ਕੀ ਵਰਤਦਾ ਹੈ:

***ਹਰਿ ਜੀਉ ਨਿਮਾਣਿਆ ਤੂ ਮਾਣੁ ॥***
***ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ***
***ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥***

*(ਅੰਗ ੬੨੪)*

***ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥***
***ਗਰੀਬ ਨਿਵਾਜੁ ਗੁਸਈਆ ਮੇਰਾ***
***ਮਾਥੈ ਛਤ੍ਰੁ ਧਰੈ ॥੧॥ ਰਹਾਉ ॥***
***ਜਾ ਕੀ ਛੋਤਿ ਜਗਤ ਕਉ ਲਾਗੈ***
***ਤਾ ਪਰ ਤੁਹੀਂ ਢਰੈ ॥***
***ਨੀਚਹ ਊਚ ਕਰੈ ਮੇਰਾ ਗੋਬਿੰਦੁ***
***ਕਾਹੂ ਤੇ ਨ ਡਰੈ ॥੧॥***

*(ਅੰਗ ੧੧੦੬)*

ਇਹ ਹਨ ਸਾਡੇ ਪਿਤਾ ਜੀ। ਕਿਵੇਂ-ਕਿਵੇਂ ਕੌਤਕ ਵਰਤਾਏ। ਦਾਸ ਹੈਰਾਨ ਹੋ ਗਿਆ, ਜਿਹੜੀ ਰੂੰ ਵਾਲੀ ਗੱਲ ਪੜ੍ਹੀ। ਦਾਸ ਨੇ ਸੋਚਿਆ, ਸਾਡੇ ਬਾਬਾ ਜੀ ਨੇ ਕਿਵੇਂ ਹੱਲ ਕੱਢਿਆ। ਉਦੋਂ ਸ਼ੀਸ਼ੀਆਂ ਨਹੀਂ ਸਨ ਤੇ ਮਾਂ ਦਾ ਦੁੱਧ ਬੱਚੇ ਪੀਂਦੇ ਸਨ ਪਰ ਮਾਤਾ ਕੋਲ ਨਹੀਂ ਸੀ। ਸਤਿਗੁਰੂ ਜੀ ਨੇ ਕੌਲੀ ਵਿੱਚ ਦੁੱਧ ਪਾ ਕੇ ਤੇ ਰੂੰ ਭਿਉਂ ਕੇ ਉਸ ਦਾ ਸਾਧਨ ਬਣਾ ਦਿੱਤਾ।

***ਐਸੀ ਲਾਲ ਤੁਝ ਬਿਨੁ ਕਉਨੁ ਕਰੈ ॥***

*(ਅੰਗ ੧੧੦੬)*

***ਦਲਿ ਭੰਜਨ ਗੁਰੁ ਸੂਰਮਾ ਵਡ ਜੋਧਾ ਬਹੁ ਪਰਉਪਕਾਰੀ ।***

ਦਾਸ ਦੀ ਹੱਥ ਜੋੜ ਕੇ ਬੇਨਤੀ ਹੈ ਕਿ ਗੁਰੂ ਸਾਹਿਬ ਦਾ ਕੇਵਲ ਇੱਕ ਪੱਖ ਹੀ ਅੱਗੇ ਨਾ ਰੱਖਿਆ ਜਾਵੇ ਸਗੋਂ ਸਾਰੇ ਪੱਖ ਅੱਗੇ ਰੱਖਿਆ ਕਰੋ। ਜਿਸ ਨੂੰ ਕੋਈ ਕੂੜੇ ਦੇ ਢੇਰ ਤੇ ਵੀ ਸੁੱਟ ਗਿਆ ਹੈ ਤੇ ਮਹਾਰਾਜ ਜੀ ਨੇ ਉਸ ਨੂੰ ਗਲੇ ਨਾਲ ਲਗਾ ਲਿਆ, ਅੱਜ ਉਨ੍ਹਾਂ ਦੀਆਂ ਕਥਾ ਕਹਾਣੀਆਂ ਸੰਗਤਾਂ ਸਰਵਣ ਕਰ ਰਹੀਆਂ ਹਨ ਤੇ ਜੇ ਅਸੀਂ ਉਨ੍ਹਾਂ ਦੇ ਬਣਾਂਗੇ, ਕੀ ਉਹ ਸਾਡੀ ਲਾਜ ਨਹੀਂ ਰੱਖਣਗੇ? ਜ਼ਰੂਰ ਰੱਖਣਗੇ। ਰੋਟੀਆਂ ਮਿਲਣੀਆਂ ਤਾਂ ਮਾਮੂਲੀ ਗੱਲ ਹੈ। ਕੰਧਾਂ ਟੱਪ ਕੇ ਪਦਾਰਥ ਹਾਜ਼ਰੀ ਮੰਗਦੇ ਹਨ, ਕਦੀ ਉਸ ਮਾਲਕ ਦੇ ਬਣ ਕੇ ਵੇਖੋ।

***ਪ੍ਰਭ ਕੈ ਸਿਮਰਨਿ ਰਿਧਿ ਸਿਧਿ ਨਉ ਨਿਧਿ ॥***

*(ਅੰਗ ੨੬੨)*

***ਬ੍ਰਹਮੁ ਬਿੰਦੈ ਤਿਸ ਦਾ ਬ੍ਰਹਮਤੁ ਰਹੈ***
***ਏਕ ਸਬਦਿ ਲਿਵ ਲਾਇ ॥***
***ਨਵ ਨਿਧੀ ਅਠਾਰਹ ਸਿਧੀ ਪਿਛੈ ਲਗੀਆ ਫਿਰਹਿ***
***ਜੋ ਹਰਿ ਹਿਰਦੈ ਸਦਾ ਵਸਾਇ ॥***

*(ਅੰਗ ੬੪੯)*

ਇਹ ਤਾਂ ਪਿੱਛੇ ਲੱਗੀਆਂ ਫਿਰਦੀਆਂ ਹਨ। ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਅੱਗੇ ਆਪਣਾ ਆਪ ਵੇਚਣਾ ਹੈ। ਸਾਨੂੰ ਜੋ ਕੁਦਰਤ ਵੱਲੋਂ ਗੁਣ ਮਿਲੇ ਹਨ, ਉਨ੍ਹਾਂ ਨੂੰ ਵੰਡਣਾ ਹੈ। ਪਰਉਪਕਾਰੀ ਜੀਵਨ ਬਣਾਉਣਾ ਹੈ, ਵਪਾਰੀ ਨਹੀਂ ਬਣਾਉਣਾ। ਬਾਬਾ ਨੰਦ ਸਿੰਘ ਜੀ ਦੇ ਬਚਨ ਹਨ। ਜੇ ਪੱਥਰ ਵਿੱਚ ਕੀੜੇ ਨੂੰ ਰੋਟੀ ਦੇ ਸਕਦਾ ਹੈ। ਜੇ ਤੂੰ ਉਸ ਦਾ ਬਣੇਂਗਾ, ਕੀ ਤੈਨੂੰ ਕਿਤੇ ਭੁੱਖਿਆਂ ਰਹਿਣ ਦੇਵੇਗਾ? ਕਦੀ ਨਹੀਂ। ਇਸ ਲਈ ਛੇਵੇਂ ਪਾਤਸ਼ਾਹ ਜੀ ਦੇ ਬਣੀਏ। ਆਓ ਜੀ, ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ :

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ ।***

*(ਵਾਰ ੧੯, ਪਉੜੀ ੧੨)*

ooo

# ਨੌਵੇਂ ਪਾਤਸ਼ਾਹ ਜੀ ਦੇ ਸਲੋਕਾਂ ਦੀ ਵਿਚਾਰ

*—ਭਾਈ ਪਾਲ ਸਿੰਘ*

**ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ**

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

***ਨੌਵੇਂ ਪਾਤਸ਼ਾਹ ਜੀ ਦਾ ਓਨ੍ਹੀਵਾਂ ਸਲੋਕ :***

***ਜਿਹਿ ਪ੍ਰਾਨੀ ਹਉਮੈ ਤਜੀ ਕਰਤਾ ਰਾਮੁ ਪਛਾਨਿ ॥***
***ਕਹੁ ਨਾਨਕ ਵਹੁ ਮੁਕਤਿ ਨਰੁ ਇਹ ਮਨ ਸਾਚੀ ਮਾਨੁ ॥੧੯॥***

*(ਅੰਗ ੧੪੨੭)*

ਜਿਸ ਪੁਰਸ਼ ਨੇ ਮੈਂ ਮੇਰੀ ਨੂੰ ਤਿਆਗ ਕੇ ਪਰਮਾਤਮਾ ਨੂੰ ਕਰਨਹਾਰਾ ਪਛਾਣਿਆ ਹੈ, ਹੇ ਭਾਈ! ਉਹ ਪੁਰਸ਼ ਮੁਕਤ ਹੈ, ਇਹ ਗੱਲ ਸੱਚੀ ਕਰਕੇ ਮੰਨ।

ਜਿਸ ਕਰਤੇ ਨੇ ਸੰਸਾਰ ਦੀ ਰਚਨਾ ਕੀਤੀ ਹੈ ਉਸ ਵਿੱਚ ਆਪ ਬੈਠ ਕੇ ਸਾਰੇ ਕਾਰਜ ਕਰ ਰਿਹਾ ਹੈ ਪਰ ਬੰਦੇ ਦੇ ਮਨ ਵਿੱਚ ਹਉਮੈ ਹੋਣ ਕਰਕੇ ਇਹ ਕਹਿੰਦਾ ਹੈ ਸਭ ਕੁਝ ਮੈਂ ਹੀ ਕਰ ਰਿਹਾ ਹਾਂ। ਇਸ ਲਈ ਜਿਹੜਾ ਆਪਣੇ ਆਪ ਨੂੰ ਕਰਤਾ ਸਮਝ ਬੈਠਦਾ ਹੈ, ਉਹ ਇਸ ਤਰ੍ਹਾਂ ਹੈ ਜਿਵੇਂ ਦਰਿਆ ਤੋਂ ਪਾਣੀ ਉਛਲ ਕੇ ਖੱਡ ਵਿੱਚ ਚਲਾ ਗਿਆ, ਫਿਰ ਉਸ ਵਿੱਚੋਂ ਬਦਬੋ ਵੀ ਆਏਗੀ, ਮੱਛਰ, ਕੀੜੇ ਵੀ ਪੈ ਜਾਣਗੇ।

ਸਾਨੂੰ ਸਰੀਰ ਰੂਪੀ ਕੱਪੜਾ ਮਿਲਿਆ ਹੈ ਜੋ ਮੌਤ ਆਉਣ ਤੇ ਛੱਡ ਦੇਣਾ ਹੈ ਪਰ ਹਉਮੈ ਐਸੀ ਬਿਮਾਰੀ ਹੈ ਜੋ ਕਿ ਸਰੀਰ ਦੇ ਮਰਨ ਤੋਂ ਬਾਅਦ ਵੀ ਖਹਿੜਾ ਨਹੀਂ ਛੱਡਦੀ। ਭਾਵੇਂ ਸਾਡੇ ਕੰਮਾਂ ਦੇ ਪਿੱਛੇ ਇਲਾਹੀ ਸ਼ਕਤੀ ਹੀ ਕੰਮ ਕਰ ਰਹੀ ਹੁੰਦੀ ਹੈ ਪਰ ਅਸੀਂ ਅਗਿਆਨਤਾ ਵਿੱਚ ਮੈਂ ਮੇਰੀ ਦੀ ਰੰਗਤ ਚਾੜ੍ਹ ਦਿੰਦੇ ਹਾਂ। ਇਸ ਕਰਕੇ ਫਿਰ ***''ਜੋ ਮੈਂ ਕੀਆ ਸੋ ਮੈਂ ਪਾਇਆ''*** ਅਨੁਸਾਰ ਨਤੀਜੇ ਭੁਗਤਦੇ ਹਾਂ।

***ਹਮ ਕੀਆ ਹਮ ਕਰਹਗੇ ਹਮ ਮੂਰਖ ਗਾਵਾਰ ॥***
***ਕਰਣੈ ਵਾਲਾ ਵਿਸਰਿਆ ਦੂਜੈ ਭਾਇ ਪਿਆਰੁ ॥***

*(ਅੰਗ ੩੯)*

ਪਰਮਾਤਮਾ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਹੈ ਤੇ ਸਾਰਿਆਂ ਦੀ ਪਾਲਣਾ ਵੀ ਉਹੀ ਕਰ ਰਿਹਾ ਹੈ। ਵੇਖੋ, ਬਿਜਲੀ ਕਿਸੇ ਨੇ ਨਹੀਂ ਵੇਖੀ ਪਰ ਇਸ ਨਾਲ ਸਾਰੇ ਸਾਧਨ ਚੱਲ ਰਹੇ ਹਨ। ਹੈ ਤਾਂ ਇਹ ਵੀ ਕੋਈ ਸ਼ਕਤੀ ਹੈ। ਹਵਾ ਕਿਸੇ ਨੇ ਨਹੀਂ ਵੇਖੀ ਹੈ, ਕੇਵਲ ਅਨੁਭਵ ਹੀ ਕੀਤੀ ਜਾਂਦੀ ਹੈ। ਹਵਾ ਬੰਦ ਹੋ ਜਾਏ ਤਾਂ ਸਾਹ ਘੁੱਟਦਾ ਹੈ, ਮਨੁੱਖ ਤੜਫਦਾ ਹੈ। ਇੱਕ ਗੱਲ ਹੋਰ ਮਨੁੱਖ ਨੂੰ ਭਰਮ ਹੈ ਕਿ ਉਹ ਅੱਖਾਂ ਨਾਲ ਵੇਖਦਾ ਹੈ ਜਦੋਂ ਕਿ ਉਹ ਅੱਖਾਂ ਨਾਲ ਨਹੀਂ ਵੇਖਦਾ ਸਗੋਂ ਉਹ ਅੱਖਾਂ ਦੇ ਰਾਹੀਂ ਵੇਖਦਾ ਹੈ। ਉਹ ਕੰਨਾਂ ਨਾਲ ਨਹੀਂ ਸੁਣਦਾ ਸਗੋਂ ਕੰਨਾਂ ਦੇ ਰਾਹੀਂ ਸੁਣਦਾ ਹੈ। ਮਨੁੱਖ ਜੀਭ ਨਾਲ ਨਹੀਂ ਬੋਲਦਾ ਸਗੋਂ ਜੀਭ ਦੇ ਦੁਆਰਾ ਬੋਲਦਾ ਹੈ। ਅਸਲ ਵਿੱਚ ਇਹ ਬੋਲਣ ਵਾਲਾ, ਸੁਣਨ ਵਾਲਾ, ਵੇਖਣ ਵਾਲਾ ਆਪ ਕਰਤਾ ਅੰਦਰ ਬੈਠਾ ਹੈ।

ਘੁਮਿਆਰ ਘੜੇ ਦਾ ਕਰਤਾ ਹੈ ਪਰ ਪਾਣੀ ਤੇ ਮਿੱਟੀ ਤੋਂ ਬਗੈਰ ਘੜਾ ਨਹੀਂ ਬਣਾ ਸਕਦਾ। ਸੁਨਿਆਰ ਗਹਿਣਿਆਂ ਦਾ ਕਰਤਾ ਹੈ ਪਰ ਸੋਨੇ ਤੋਂ ਬਗੈਰ ਗਹਿਣੇ ਨਹੀਂ ਬਣਾ ਸਕਦਾ। ਇਸ ਲਈ ਦੁਨੀਆਂ ਦੇ ਕਰਤੇ ਕਰਤਾਰ ਦੀ ਸਹਾਇਤਾ ਤੋਂ ਬਗੈਰ ਅਸੀਂ ਕੁਝ ਵੀ ਨਹੀਂ ਕਰ ਸਕਦੇ। ਜਿਹੜਾ ਕਹਿੰਦਾ ਹੈ, ਮੈਂ ਸਭ ਕੁਝ ਕਰ ਰਿਹਾ ਹਾਂ, ਉਹ ਕਦੇ ਸੁਖੀ ਨਹੀਂ ਹੋ ਸਕਦਾ।

***ਜਬ ਲਗੁ ਜਾਨੈ ਮੁਝ ਤੇ ਕਛੁ ਹੋਇ ॥***
***ਤਬ ਇਸ ਕਉ ਸੁਖੁ ਨਾਹੀ ਕੋਇ ॥***

*(ਅੰਗ ੨੭੮)*

ਇਸ ਲਈ ਹਉਮੈ ਦੇ ਪ੍ਰਭਾਵ ਤੋਂ ਬਚਣ ਲਈ ਇਸਨੂੰ ਬਣਾਉਣ ਵਾਲੇ ਦੇ ਚਰਨਾਂ ਵਿੱਚ ਜੁੜਨਾ ਚਾਹੀਦਾ ਹੈ। ਜਿਸ ਉੱਤੇ ਪ੍ਰਭੂ ਦੀ ਕ੍ਰਿਪਾ ਹੁੰਦੀ ਹੈ ਉਹੀ ਹਰ ਕੰਮ ਵਿੱਚ ਕਰਤੇ ਨੂੰ ਪਛਾਣਦਾ ਹੈ।

***ਜਿਸ ਨੋ ਕ੍ਰਿਪਾ ਕਰਹਿ ਮੇਰੇ ਪਿਆਰੇ ਸੋਈ ਤੁਝੈ ਪਛਾਣੈ ॥੧॥***

*(ਅੰਗ ੧੧੮੫)*

ਭਗਤ ਕਬੀਰ ਜੀ ਦੀ ਮਹਿਮਾ ਵੇਖ ਕੇ ਭਗਤ ਜੀ ਦੇ ਨਿੰਦਕਾਂ ਨੇ ਸਕੀਮ ਬਣਾਈ ਕਿ ਕਬੀਰ ਜੀ ਦੇ ਵੱਲੋਂ ਮਸ਼ਹੂਰ ਸੰਤਾਂ, ਮਹਾਂਪੁਰਸ਼ਾਂ ਨੂੰ ਚਿੱਠੀਆਂ ਲਿਖ ਕੇ ਭੇਜੋ ਕਿ ਕਬੀਰ ਜੀ ਦੇ ਘਰ ਬੜਾ ਭਾਰੀ ਯੱਗ ਹੋਣਾ ਹੈ ਦਰਸ਼ਨ ਦੇ ਕੇ ਕ੍ਰਿਤਾਰਥ ਕਰੋ। ਹੁਣ ਨਿਯਤ ਦਿਨ ਤੇ ਬੇਸ਼ੁਮਾਰ ਸਾਧੂ, ਮਹਾਤਮਾ, ਪੰਡਿਤ ਤੇ ਅੱਧਾ ਸ਼ਹਿਰ ਆਣ ਇਕੱਠਾ ਹੋਇਆ। ਇਹ ਵੇਖ ਕੇ ਕਬੀਰ ਜੀ ਨਿੰਦਕਾਂ ਦੀ ਚਾਲ ਸਮਝ ਗਏ ਤੇ ਉਹ ਮਾਤਾ ਲੋਈ ਜੀ ਦੇ ਨਾਲ ਬਾਹਰ ਉਜਾੜ ਵਿੱਚ ਜਾ ਕੇ ਬੈਠ ਗਏ ਕਿ ਆਪੇ ਆਉਣ ਵਾਲੇ ਨਿਰਾਸ਼ ਹੋ ਕੇ ਮੁੜ ਜਾਣਗੇ ਪਰ ਉਧਰ ਭਗਵਾਨ ਨੂੰ ਆਪਣੇ ਪਿਆਰੇ ਭਗਤ ਦੀ ਨਿੰਦਾ ਦਾ ਫਿਕਰ ਪੈ ਗਿਆ। ਭਗਵਾਨ ਕਬੀਰ ਜੀ ਦਾ ਰੂਪ ਧਾਰਨ ਕਰਕੇ ਭਗਤ ਜੀ ਦੇ ਘਰ ਪੁੱਜ ਗਏ ਤੇ ਖੁੱਲ੍ਹੇ ਲੰਗਰ ਵਰਤਾਉਣ ਲੱਗ ਪਏ। ਹੁਣ ਚਿੱਠੀਆਂ ਪਾਉਣ ਵਾਲੇ ਨਿੰਦਕ ਹੈਰਾਨ ਹੋ ਰਹੇ ਸਨ ਕਿ ਇਹ ਕੀ ਬਣ ਗਿਆ? ਕਬੀਰ ਜੀ ਕੋਲ ਇੰਨਾ ਧਨ ਕਿੱਥੋਂ ਆ ਗਿਆ?

ਹੁਣ ਲੋਕ ਭੰਡਾਰਾ ਛੱਕ ਕੇ ਕਬੀਰ ਜੀ ਦੀ ਮਹਿਮਾ ਕਰਦੇ ਹੋਏ ਜਾ ਰਹੇ ਸਨ ਤਾਂ ਕਬੀਰ ਜੀ ਬੁੱਕਲ ਮਾਰੀ ਹੋਈ ਸੀ ਤੇ ਇੱਕ ਨੂੰ ਸਾਰਾ ਹਾਲ ਪੁੱਛਿਆ ਤੇ ਉਸਨੇ ਕਿਹਾ ਕਬੀਰ ਜੀ ਦੇ ਘਰ ਬਹੁਤ ਵੱਡਾ ਭੰਡਾਰਾ ਚੱਲ ਰਿਹਾ ਹੈ, ਤੂੰ ਵੀ ਭੱਜ ਕੇ ਜਾਹ ਅਜੇ ਵਰਤਦਾ ਪਿਆ ਹੈ। ਇਹ ਸੁਣ ਕੇ ਕਬੀਰ ਜੀ ਉੱਠ ਕੇ ਘਰ ਵੱਲ ਚੱਲ ਪਏ ਪਰ ਭਗਵਾਨ ਜੀ ਜਾ ਚੁੱਕੇ ਸਨ ਤੇ ਲੋਕ ਕਬੀਰ ਜੀ ਦੀ ਮਹਿਮਾ ਕਰ ਰਹੇ ਸਨ। ਇਹ ਵੇਖ ਕੇ ਕਬੀਰ ਜੀ ਨੇ ਕਰਤੇ ਨੂੰ ਪਛਾਣਦੇ ਹੋਏ ਕਿਹਾ-

***ਕਬੀਰ ਨਾ ਹਮ ਕੀਆ ਨ ਕਰਹਿਗੇ***
***ਨਾ ਕਰਿ ਸਕੈ ਸਰੀਰੁ ॥***
***ਕਿਆ ਜਾਨਉ ਕਿਛੁ ਹਰਿ ਕੀਆ***
***ਭਇਓ ਕਬੀਰੁ ਕਬੀਰੁ ॥੬੨॥***

*(ਅੰਗ ੧੩੬੭)*

ਇਸ ਲਈ ਮੜੀਆਂ, ਕਬਰਾਂ ਤੇ ਪੱਥਰਾਂ ਦੀ ਪੂਜਾ ਛੱਡ ਕੇ ਅਕਾਲ ਪੁਰਖ ਦੀ ਭਗਤੀ ਕਰੋ ਜੋ ਸਭ ਦੀ ਪ੍ਰਤਿਪਾਲਣਾ ਕਰਦਾ ਹੈ।

***ਤੁਮ ਉਸ ਪੱਥਰ ਕੀ ਪੂਜਾ ਕਰਤੇ ਹੋ,***
***ਜਿਸ ਕੋ ਖੁਦ ਤੁਮਨੇ ਬਣਾਇਆ ਹੈ।***
***ਉਸ ਕੀ ਪੂਜਾ ਕਬ ਕਰੋਗੇ,***
***ਜਿਸ ਨੇ ਤੁਮ ਕੋ ਬਣਾਇਆ ਹੈ।***

ਇਸ ਲਈ ਧੰਨ ਗੁਰੂ ਤੇਗ ਬਹਾਦਰ ਜੀ ਕਹਿੰਦੇ ਹਨ, ਜਿਸ ਪ੍ਰਾਣੀ ਨੇ ਹਉਮੈ ਨੂੰ ਛੱਡ ਕੇ ਕਰਤੇ ਨੂੰ ਪਛਾਣ ਲਿਆ, ਉਹ ਪੁਰਸ਼ ਜੀਵਨ ਮੁਕਤ ਹੈ।

***ਨੌਵੇਂ ਪਾਤਸ਼ਾਹ ਜੀ ਦਾ ਵੀਹਵਾਂ ਸਲੋਕ :***

***ਭੈ ਨਾਸਨ ਦੁਰਮਤਿ ਹਰਨ ਕਲਿ ਮੈ ਹਰਿ ਕੋ ਨਾਮੁ ॥***
***ਨਿਸਿ ਦਿਨੁ ਜੋ ਨਾਨਕ ਭਜੈ ਸਫਲ ਹੋਹਿ ਤਿਹ ਕਾਮ ॥੨੦॥***

*(ਅੰਗ ੧੪੨੭)*

ਕਲਯੁੱਗ ਵਿੱਚ ਪਰਮਾਤਮਾ ਦਾ ਨਾਮ ਹੀ ਸਾਰੇ ਡਰ ਅਤੇ ਖੋਟੀ ਮਤ ਨਾਸ਼, ਕਰਨ ਵਾਲਾ ਹੈ। ਜਿਹੜਾ ਮਨੁੱਖ ਪ੍ਰਭੂ ਦਾ ਨਾਮ ਰਾਤ ਦਿਨ ਜਪਦਾ ਰਹਿੰਦਾ ਹੈ ਉਸ ਦੇ ਸਾਰੇ ਕੰਮ ਸਿਰੇ ਚੜ੍ਹ ਜਾਂਦੇ ਹਨ।

ਪਸ਼ੂ ਪੰਛੀ ਉਸ ਵਕਤ ਡਰਦੇ ਹਨ ਜਦੋਂ ਉਨ੍ਹਾਂ ਨੂੰ ਕੋਈ ਖਤਰਾ ਮਹਿਸੂਸ ਹੋਏ ਪਰ ਮਨੁੱਖ ਹਰ ਵਕਤ ਖਤਰੇ ਦੀ ਕਲਪਨਾ ਕਰਕੇ ਹੀ ਭੈ-ਭੀਤ ਰਹਿੰਦਾ ਹੈ। ਅੱਜ ਕੱਲ੍ਹ ਮਨੁੱਖ ਮਨੁੱਖ ਤੋਂ ਡਰਦਾ ਹੈ, ਕਿਤੇ ਮੇਰਾ ਧਨ ਨਾ ਕੋਈ ਚੁਰਾ ਲਵੇ, ਕੋਈ ਮੈਥੋਂ ਅੱਗੇ ਨਾ ਲੰਘ ਜਾਵੇ। ਆਪਣੀ ਇੱਜ਼ਤ ਦਾ ਡਰ, ਕਾਨੂੰਨ ਦਾ ਡਰ। ਇਸ ਤਰ੍ਹਾਂ ਇੱਕ ਜੀਵਨ ਵਿੱਚ ਅਨੇਕ ਤਰ੍ਹਾਂ ਦੇ ਭੈ ਨੂੰ ਸਮੋ ਕੇ ਜੀਵਨ ਨਰਕ ਬਣਾ ਲੈਂਦਾ ਹੈ।

ਇਸ ਤਰ੍ਹਾਂ ਜ਼ਿਆਦਾ ਲੋਕਾਂ ਨੂੰ ਮੌਤ ਦਾ ਭੈ ਰਹਿੰਦਾ ਹੈ। 80-90 ਸਾਲ ਦਾ ਬਜ਼ੁਰਗ ਵੀ ਆਪਣਾ ਜਨਮ ਦਿਨ ਹੀ ਮਨਾਉਂਦਾ ਹੈ, ਪਰ ਜਿਨ੍ਹਾਂ ਨੇ ਉਸ ਨਿਰਭਉ ਨੂੰ ਜਪਿਆ ਹੈ ਉਹ ਚਰਖੜ੍ਹੀਆਂ ਤੇ ਚੜ੍ਹ ਗਏ, ਬੰਦ-ਬੰਦ ਕਟਵਾ ਗਏ। ਖੋਪਰੀਆਂ ਲੁਹਾ ਗਏ ਪਰ ਮੌਤ ਦਾ ਡਰ ਉਨ੍ਹਾਂ ਲਾਗੇ ਨਹੀਂ ਆਇਆ।

***ਨਿਰਭਉ ਸੰਗਿ ਤੁਮਾਰੈ ਬਸਤੇ***
***ਇਹੁ ਡਰਨੁ ਕਹਾ ਤੇ ਆਇਆ ॥੧॥ ਰਹਾਉ ॥***

*(ਅੰਗ ੨੦੬)*

ਨਾਮ ਜਪਣ ਵਾਲਾ ਸਿਰਫ਼ ਵਾਹਿਗੁਰੂ ਤੋਂ ਹੀ ਡਰਦਾ ਹੈ। ਉਸ ਦੇ ਨਿਰਮਲ ਭੈਅ ਵਿੱਚ ਰਹਿਣ ਨਾਲ ਸਾਰੇ ਦੁਨੀਆਵੀ ਡਰ ਨਾਸ਼ ਹੋ ਜਾਂਦੇ ਹਨ।

***ਨਿਰਭਉ ਜਪੈ ਸਗਲ ਭਉ ਮਿਟੈ ॥***

*(ਅੰਗ ੨੯੩)*

ਭਾਈ ਰਣਧੀਰ ਸਿੰਘ ਜੀ ਆਪਣੀ ਹੱਡ ਬੀਤੀ ਵਿੱਚ ਦੱਸਦੇ ਹਨ ਕਿ ਦਾਸ ਨੇ ਨਵਾਂ-ਨਵਾਂ ਹੀ ਅੰਮ੍ਰਿਤ ਛਕਿਆ ਸੀ ਤੇ ਸਾਰਾ ਦਿਨ ਨਾਮ ਅਭਿਆਸ ਵਿੱਚ ਹੀ ਬਤੀਤ ਹੁੰਦਾ ਸੀ। 1904 ਦੇ ਆਸ-ਪਾਸ ਦੀ ਘਟਨਾ ਹੈ ਕਿ ਦਾਸ ਦੇ ਤਾਏ ਦਾ ਪੁੱਤਰ ਟੇਕ ਸਿੰਘ ਗਲਤ ਸੰਗਤ ਵਿੱਚ ਪੈ ਗਿਆ ਤੇ ਸ਼ਰਾਬੀ ਕਬਾਬੀ ਬਣ ਗਿਆ। ਉਸ ਨੂੰ ਜਵਾਨੀ ਵਿੱਚ ਹੀ ਤਪਦਿਕ ਦੀ ਬਿਮਾਰੀ ਲੱਗ ਗਈ। ਉਹ ਮੰਜੇ ਤੇ ਪਿਆ ਉੱਚੀ-ਉੱਚੀ ਚੀਕਦਾ ਰਹਿੰਦਾ।

ਇੱਕ ਦਿਨ ਦਾਸ ਦੀ ਮਾਈ ਨੇ ਕਿਹਾ ਕਿ ਟੇਕ ਸਿੰਘ ਦੀ ਹਾਲਤ ਬਹੁਤ ਖਰਾਬ ਹੈ, ਉਹ ਦੁਹਾਈਆਂ ਦਿੰਦਾ ਹੈ। ਸਰੀਰ ਕੰਬਦਾ ਹੈ ਤੇ ਬਨੇਰੇ ਵੱਲ ਇਸ਼ਾਰੇ ਕਰਕੇ ਕਹਿੰਦਾ ਔਹ ਜਮਦੂਤ ਦੰਦ ਕੱਢ-ਕੱਢ ਕੇ ਡਰਾਉਂਦੇ ਹਨ। ਇਸ ਲਈ ਇੱਕ ਵਾਰ ਜਾ ਕੇ ਉਸਦਾ ਪਤਾ ਲੈ ਕੇ ਆ। ਮਾਈ ਦਾ ਹੁਕਮ ਸੁਣ ਕੇ ਦਾਸ ਉਸਦੇ ਘਰ ਗਿਆ ਤਾਂ ਟੇਕ ਸਿੰਘ ਨੇ ਕਿਹਾ, "ਆ ਹਾ ! ਠੰਡ ਪੈ ਗਈ।" ਆ ਜਾ ਮੇਰੇ ਕੋਲ ਬੈਠ। ਤੇਰੇ ਆਉਣ ਤੋਂ ਪਹਿਲਾਂ ਜਮਦੂਤ ਮੈਨੂੰ ਡਰਾਉਂਦੇ ਸਨ ਪਰ ਹੁਣ ਉਹ ਨੱਸ ਗਏ ਹਨ। ਦਾਸ ਅੰਦਰ ਹੀ ਅੰਦਰ ਪ੍ਰਭੂ ਦਾ ਸ਼ੁਕਰਾਨਾ ਕਰ ਰਿਹਾ ਸੀ ਕਿ ਮੇਰੇ ਨੀਚ ਦੇ ਆਉਣ ਨਾਲ ਕੀ ਹੋਣਾ ਹੈ? ਇਹ ਸਭ ਪਰਮੇਸ਼ਰ ਦੇ ਨਾਮ ਦਾ ਹੀ ਪ੍ਰਤਾਪ ਹੈ।

***ਸੁਣਿ ਕੈ ਜਮ ਕੇ ਦੂਤ ਨਾਇ ਤੇਰੈ ਛਡਿ ਜਾਹਿ ॥***

*(ਅੰਗ ੯੬੨)*

ਹੁਣ ਜਦੋਂ ਦਾਸ ਉਸ ਦੇ ਘਰੋਂ ਜਾਣ ਲੱਗਾ ਤਾਂ ਬੂਹੇ ਤੋਂ ਬਾਹਰ ਹੁੰਦੇ ਸਾਰ ਹੀ ਉਹ ਫੇਰ ਦੁਹਾਈਆਂ ਪਾਉਣ ਲੱਗਾ। ਕਿਉਂਕਿ ਕਈ ਮਰਨ ਵਾਲੇ ਪ੍ਰਾਣੀਆਂ ਨੂੰ ਜਮਦੂਤ ਨਜ਼ਰ ਆਉਂਦੇ ਹਨ। ਹੁਣ

ਦਾਸ ਨੇ ਆਪਣੀ ਭੈਣ ਤੇ ਉਸਦੀਆਂ ਭੈਣਾਂ ਨੂੰ ਸੁਖਮਨੀ ਸਾਹਿਬ ਦੇ ਗੁਟਕੇ ਸਾਹਿਬ ਦੇ ਕੇ ਕਿਹਾ ਇਸਦੇ ਕੋਲ ਬੈਠ ਕੇ ਪਾਠ ਕਰੀ ਜਾਵੋ, ਉਸ ਤੋਂ ਬਾਅਦ ਫਿਰ ਉਹ ਬੜਾ ਸੁਖੀ ਰਿਹਾ।

ਦਾਸ ਨੇ ਘਰ ਆ ਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਕਮਰੇ ਵਿੱਚ ਜਾ ਕੇ ਉਸ ਨਮਿਤ ਅਰਦਾਸ ਕੀਤੀ ਕਿ ਇਸਦਾ ਮਰਨ ਕਾਲ ਦਾ ਤ੍ਰਾਸ ਨਿਵਾਰਿਆ ਜਾਵੇ। ਅਰਦਾਸ ਕਰਕੇ ਜਦੋਂ ਵਾਕ ਲਿਆ ਤਾਂ ਹੁਕਮਨਾਮੇ ਵਿੱਚ ਉਸਦੇ ਪਿਛਲੇ ਕੀਤੇ ਪਾਪਾਂ ਦਾ ਨਕਸ਼ਾ ਚਿਤਰਿਆ ਹੋਇਆ ਸੀ। ਹੁਣ ਦਾਸ ਨੂੰ ਨਿਸ਼ਚਾ ਹੋ ਗਿਆ ਕਿ ਇਸ ਨੇ ਚਲਾਣਾ ਤਾਂ ਜ਼ਰੂਰ ਕਰ ਜਾਣਾ ਹੈ ਪਰ ਹੁਣ ਉਸਨੂੰ ਅੰਤ ਵੇਲੇ ਗੁਰਬਾਣੀ ਦਾ ਪਾਠ ਸਰਵਣ ਕਰਵਾਉਣ ਦੀ ਬਹੁਤ ਲੋੜ ਹੈ।

ਦਾਸ ਉਸਦੇ ਘਰ ਗਿਆ। ਹੁਣ ਸਾਰੇ ਸੰਬੰਧੀ ਜੋ ਕੋਲ ਬੈਠੇ ਸਨ, ਦਾਸ ਨੇ ਕਿਹਾ ਕਿ 5-5 ਜਪੁਜੀ ਸਾਹਿਬ ਦੇ ਪਾਠ ਸਾਰੇ ਕਰੋ। ਸਾਰੇ ਸੰਬੰਧੀਆਂ ਨੇ ਉਸ ਨਮਿਤ ਜਪੁਜੀ ਸਾਹਿਬ ਦੇ ਪਾਠ ਕੀਤੇ ਤਾਂ ਉਸਦਾ ਘੋੜਰੂ ਵਜਣਾ ਵੀ ਬੰਦ ਹੋ ਗਿਆ ਤੇ ਸੁਖਾਲੇ ਸਵਾਸੀ ਉਸਦਾ ਚਲਾਣਾ ਹੋ ਗਿਆ। ਅੰਤ ਵੇਲੇ ਨਾਮ ਦੇ ਸਦਕਾ ਉਸਦਾ ਜਮਾਂ ਦਾ ਭੈਅ ਵੀ ਨਾਸ਼ ਹੋ ਗਿਆ।

***ਪ੍ਰਭ ਕੈ ਸਿਮਰਨਿ ਨਾਹੀ ਜਮ ਤ੍ਰਾਸਾ ॥***

*(ਅੰਗ ੨੬੩)*

ਪਰਮਾਤਮਾ ਦਾ ਨਾਮ ਜੀਵ ਦੀ ਖੋਟੀ ਮਤ ਵੀ ਨਾਸ਼ ਕਰ ਦਿੰਦਾ ਹੈ। ਇੱਕ ਬੀਬੀ ਦਾ ਘਰ ਵਾਲਾ ਸਵੇਰੇ ਚਾਹ ਦੀ ਜਗ੍ਹਾ ਤੇ ਸ਼ਰਾਬ ਹੀ ਪੀਂਦਾ ਸੀ, ਸਾਰਾ ਪਰਿਵਾਰ ਬਹੁਤ ਦੁਖੀ ਸੀ। ਘਰ ਵਿੱਚ ਮਾਰ ਕੁਟਾਈ ਹੁੰਦੀ ਹੀ ਰਹਿੰਦੀ ਸੀ। ਉਸ ਬੀਬੀ ਨੂੰ ਕਿਸੇ ਗੁਰਮੁਖ ਨੇ ਕਿਹਾ ਕਿ ਤੁਹਾਡੇ ਘਰ ਰੱਬ ਦਾ ਕੋਈ ਨਾਮ ਨਹੀਂ ਲੈਂਦਾ। ਜਿੱਥੇ ਪ੍ਰਭੂ ਦਾ ਨਾਮ ਨਾ ਹੋਵੇ ਬਿਪਤਾ ਕੰਧਾਂ ਟੱਪ ਕੇ ਆ ਜਾਂਦੀਆਂ ਹਨ।

***ਬਿਪਤਿ ਤਹਾ ਜਹਾ ਹਰਿ ਸਿਮਰਨੁ ਨਾਹੀ ॥***

*(ਅੰਗ ੧੯੭)*

ਹੁਣ ਉਹ ਬੀਬੀ 108 ਮਣਕਿਆਂ ਵਾਲੀ ਮਾਲਾ ਲੈ ਆਈ ਤੇ ਦਿਨੇ ਰਾਤ ਰੱਬ ਦਾ ਨਾਮ ਲੈਣ ਲੱਗ ਪਈ। ਸਵੇਰੇ ਇੱਕ ਟਾਇਮ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਗੇ ਅਰਦਾਸ ਵੀ ਕਰਕੇ ਆਇਆ ਕਰੇ। ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਆਖਦੇ ਹਨ ਕਿ ਨਾਮ ਜਪਣ ਨਾਲ ਬੰਦੇ ਦੀ ਖੋਟੀ ਮਤਿ ਤੇ ਭੈੜੀ ਅਕਲ ਦੂਰ ਹੋ ਜਾਂਦੀ ਹੈ।

***ਦੁਰਮਤਿ ਕਬੁਧਿ ਗਈ ਸੁਧਿ ਹੋਈ***
***ਰਾਮ ਨਾਮਿ ਮਨੁ ਲਾਏ ॥***

*(ਅੰਗ ੪੪੩)*

ਉਹ ਸ਼ਰਾਬੀ ਕਬਾਬੀ ਕੁਝ ਸਮੇਂ ਬਾਅਦ ਹੀ ਘਰਵਾਲੀ ਨਾਲ ਜਾ ਕੇ ਅੰਮ੍ਰਿਤ ਛਕ ਆਇਆ ਸੀ ਤੇ ਲੰਮਾ ਚੋਲਾ ਪਹਿਨ ਕੇ ਵੱਡਾ ਦੁਮਾਲਾ ਸਜਾਉਣ ਲੱਗ ਪਿਆ ਸੀ। ਭਗਤੀ ਕਰਨ ਵਿੱਚ ਉਹ ਕਈਆਂ ਤੋਂ ਅੱਗੇ ਲੰਘ ਗਿਆ। ਸਤਿਗੁਰੂ ਜੀ ਆਖਦੇ ਹਨ, ਜਿਹੜੇ ਮਨੁੱਖ ਪਰਮਾਤਮਾ ਦੇ ਨਾਮ ਵਿੱਚ ਸੁਰਤਿ ਜੋੜ ਲੈਂਦੇ ਹਨ ਉਨ੍ਹਾਂ ਦੇ ਸਰੀਰ ਵਿੱਚੋਂ ਸਾਰੇ ਝਗੜੇ, ਸਾਰੇ ਦੁਖ ਮਿਟ ਜਾਂਦੇ ਹਨ।

ਧੰਨ ਸ੍ਰੀ ਗੁਰੂ ਤੇਗ ਬਹਾਦਰ ਪਾਤਸ਼ਾਹ ਜੀ ਆਖਦੇ ਹਨ, ਨਾਮ ਬੰਦੇ ਦੇ ਸਾਰੇ ਭੈਅ ਤੇ ਖੋਟੀ ਮਤ ਦੂਰ ਕਰ ਦਿੰਦਾ ਹੈ। ਜੀਵ ਦੇ ਸਾਰੇ ਕੰਮ ਸਫਲ ਹੋ ਜਾਂਦੇ ਹਨ ਕਿਉਂਕਿ ਪ੍ਰਭੂ ਦਾ ਨਾਮ ਜਪਣਾ ਹੀ ਸਫਲ ਕੰਮ ਹੈ।

***ਕਲਿ ਕਲੇਸ ਮਿਟੇ ਸਭਿ ਤਨ ਤੇ***
***ਰਾਮ ਨਾਮ ਲਿਵ ਜਾਗੇ ॥੨॥***

*(ਅੰਗ ੧੨੦੬)*

***-ਬਾਕੀ ਸਲੋਕ ਅਗਲੇ ਅੰਕ ਵਿੱਚ ਪੜ੍ਹੋ ਜੀ***

ooo

# ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਵੀਹਵਾਂ ਭਾਗ- ਧੰਨ ਧੰਨ ਮਾਤਾ ਨਾਨਕੀ ਜੀ

## ਧੰਨ ਮਾਤਾ ਨਾਨਕੀ ਜੀ ਨੇ ਆਪਣੀ ਸੱਸ ਧੰਨ ਮਾਤਾ ਗੰਗਾ ਜੀ ਕੋਲੋਂ ਕਿਹੜੀਆਂ ਦੋ ਸੇਵਾਵਾਂ ਮੰਗੀਆਂ?

—ਸੰਪਾਦਕ

**ਆਪ ਸਭ ਸੰਗਤਾਂ ਦੀ ਅਸੀਸ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਸਿਫਤਿ ਸਾਲਾਹ ਰਸਾਲੇ ਵਿੱਚ ਲੜੀਵਾਰ ਪ੍ਰਕਰਨਾਂ ਦੀ ਸੇਵਾ ਸਤਿਗੁਰੂ ਜੀ ਤਰਸ ਕਰਕੇ ਲੈ ਰਹੇ ਹਨ। 125 ਅੰਕ ਤੋਂ—''ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ'' ਪ੍ਰਕਰਨ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ਼ੁਰੂ ਕੀਤਾ ਗਿਆ ਹੈ। ਇਸ ਅੰਕ ਵਿੱਚ ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ ਵਿੱਚੋਂ ਵੀਹਵਾਂ ਭਾਗ- ਧੰਨ ਧੰਨ ਮਾਤਾ ਨਾਨਕੀ ਜੀ ਦੇ ਜੀਵਨ ਦੇ ਕੁਝ ਅੰਸ਼ਾਂ ਦੀ ਵਿਚਾਰ ਸਤਿਗੁਰੂ ਜੀ ਆਪਣੀ ਰਹਿਮਤ ਕਰਕੇ ਆਪ ਹੀ ਸਿਰ 'ਤੇ ਹੱਥ ਰੱਖ ਕੇ ਕਰਵਾਉਣ।**

*ਮਃ ੧॥*

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ ॥*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ ॥*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨੁ ॥*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ ॥*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ ॥*
*ਜਿਤੁ ਮੁਖਿ ਸਦਾ ਸਾਲਾਹੀਐ ਭਾਗਾ ਰਤੀ ਚਾਰਿ ॥*
*ਨਾਨਕ ਤੇ ਮੁਖ ਊਜਲੇ ਤਿਤੁ ਸਚੈ ਦਰਬਾਰਿ ॥੨॥*

*(ਅੰਗ ੪੭੩)*

ਸਾਰੀ ਸੰਗਤ ਜੁੱਗੋ ਜੁੱਗ ਅਟੱਲ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦੇ ਪਿਆਰ ਸਤਿਕਾਰ ਵਿੱਚ ਭਿੱਜ ਕੇ ਰਸਨਾ ਨੂੰ ਪਵਿੱਤਰ ਕਰੀਏ, ਸਾਰੇ ਗਜ ਕੇ ਆਖੋ ਸਤਿਨਾਮੁ ਸ੍ਰੀ ਵਾਹਿਗੁਰੂ। ਇਸ ਵਾਰ ਵੀਹਵੇਂ ਭਾਗ ਦੀ ਵਾਰੀ ਹੈ।

### ਸਿੱਖ ਪੰਥ ਦੀਆਂ ਸਤਿਕਾਰਤ ਬੀਬੀਆਂ :

ਪਹਿਲੇ ਭਾਗ ਵਿੱਚ ਆਪ ਜੀ ਨੇ ਬੀਬੀ ਵੀਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਸਨ। ਦੂਸਰੇ ਭਾਗ ਵਿੱਚ ਆਪ ਜੀ ਨੇ ਮਾਤਾ ਭਿਰਾਈ ਜੀ ਦੇ ਜੀਵਨ ਦੇ ਦਰਸ਼ਨ ਕੀਤੇ। ਤੀਸਰੇ ਭਾਗ ਵਿੱਚ ਮਾਤਾ ਖੀਵੀ ਜੀ, ਚੌਥੇ ਭਾਗ ਵਿੱਚ ਬੀਬੀ ਭਾਨੀ ਜੀ, ਪੰਜਵੇਂ ਭਾਗ ਵਿੱਚ ਬੇਬੇ ਨਾਨਕੀ ਜੀ, ਛੇਵੇਂ ਭਾਗ ਵਿੱਚ ਮਾਤਾ ਗੰਗਾ ਜੀ, ਸੱਤਵੇਂ ਭਾਗ ਵਿੱਚ ਮਾਤਾ ਸੁਲੱਖਣੀ ਜੀ, ਅੱਠਵੇਂ ਭਾਗ ਵਿੱਚ ਬੀਬੀ ਰਾਮੋ ਜੀ, ਨੌਂਵੇਂ ਭਾਗ ਵਿੱਚ ਬੀਬੀ ਕੌਲਾਂ ਜੀ, ਦਸਵੇਂ ਭਾਗ ਵਿੱਚ ਬੀਬੀ ਦੇਸਾਂ ਜੀ, ਗਿਆਰ੍ਹਵੇਂ ਭਾਗ ਵਿੱਚ ਧੰਨ

ਧੰਨ ਮਾਤਾ ਗੁਜਰ ਕੌਰ ਜੀ, ਬਾਰ੍ਹਵੇਂ ਤੇ ਤੇਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਸਾਹਿਬ ਕੌਰ ਜੀ, ਚੌਦਵੇਂ ਭਾਗ ਵਿੱਚ ਧੰਨ ਧੰਨ ਮਾਤਾ ਭਾਗ ਕੌਰ ਜੀ (ਮਾਈ ਭਾਗੋ ਜੀ), ਪੰਦਰ੍ਹਵੇਂ ਭਾਗ ਵਿੱਚ ਰਾਣੀ ਮੈਣੀ ਜੀ, ਸੋਲ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਮਨਸਾ ਦੇਈ ਜੀ, ਸਤਾਰ੍ਹਵੇਂ ਭਾਗ ਵਿੱਚ ਧੰਨ ਧੰਨ ਮਾਤਾ ਜੀਤੋ ਜੀ, ਅਠਾਰ੍ਹਵੇਂ ਭਾਗ ਵਿੱਚ ਬੀਬੀ ਬਸੰਤ ਲਤਾ ਕੌਰ ਜੀ ਤੇ ਉਨ੍ਹੀਵੇਂ ਭਾਗ ਵਿੱਚ ਧੰਨ ਧੰਨ ਬੀਬੀ ਅਮਰੋ ਜੀ ਦੇ ਜੀਵਨ ਦੇ ਦਰਸ਼ਨ ਕੀਤੇ ਹਨ। ਹੁਣ ਇਸ ਅੰਕ ਵਿੱਚ ਵੀਹਵੇਂ ਭਾਗ ਵਿੱਚ ਕਿਸ ਬੀਬੀ ਦੇ ਜੀਵਨ ਦੇ ਦਰਸ਼ਨ ਕਰਨੇ ਹਨ? ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਸਤਿਕਾਰਯੋਗ ਮਾਤਾ ਜੀ :

**ਧੰਨ ਧੰਨ ਮਾਤਾ ਨਾਨਕੀ ਜੀ।**

ਗੁਰੂ ਸਾਹਿਬ ਸਿਰ ਤੇ ਹੱਥ ਰੱਖ ਕੇ ਸੇਵਾ ਲੈਣ। ਇੱਕ ਵਾਰ ਪੰਕਤੀਆਂ ਪੜ੍ਹੋ ਤੇ ਫਿਰ ਧੰਨ ਧੰਨ ਮਾਤਾ ਨਾਨਕੀ ਜੀ ਦੇ ਜੀਵਨ ਵਿੱਚੋਂ ਕੁਝ ਝਲਕੀਆਂ ਤੇ ਗੁਰੂ ਸਾਹਿਬ ਸੇਵਾ ਲੈਣ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਨਾਨਕੀ, ਨਾਮ ਦੀਆਂ ਸਤਿਕਾਰਯੋਗ ਦੋ ਇਤਿਹਾਸਿਕ ਬੀਬੀਆਂ ਹੋਈਆਂ ਹਨ। ਇੱਕ ਤੁਸੀਂ ਕਹਿੰਦੇ ਹੋ, ਧੰਨ ਬੇਬੇ ਨਾਨਕੀ ਜੀ, ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਦੇ ਵੱਡੇ ਭੈਣ ਜੀ। ਜਿਨ੍ਹਾਂ ਨੂੰ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਪਿਆਰ ਨਾਲ ਬੇਬੇ ਦਾ ਦਰਜਾ ਦਿੱਤਾ ਹੈ। ਦੂਜਾ ਨਾਨਕੀ ਨਾਮ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ ਸਤਿਕਾਰਯੋਗ ਮਾਤਾ ਜੀ, ਧੰਨ ਮਾਤਾ ਨਾਨਕੀ ਜੀ। ਬੀਬੀਓ, ਤੁਹਾਡਾ ਸਿਰ ਮਾਣ ਨਾਲ ਉੱਚਾ ਹੋ ਜਾਵੇਗਾ। ਇਹ ਮਾਤਾ ਨਾਨਕੀ ਜੀ ਕਿੰਨੇ ਭਾਗਾਂ ਵਾਲੇ ਹਨ ਜਿਨ੍ਹਾਂ ਦੇ ਪਤੀ ਵੀ ਗੁਰੂ ਹੋਏ ਹਨ। ਪਤੀ ਕੌਣ? ਧੰਨ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ। ਇਹ ਮਾਤਾ ਨਾਨਕੀ ਜੀ ਕਿੰਨੇ ਭਾਗਾਂ ਵਾਲੇ ਜਿਨ੍ਹਾਂ ਦੇ ਸਹੁਰੇ ਵੀ ਗੁਰੂ ਹੋਏ ਹਨ, ਸਹੁਰੇ ਕੌਣ? ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ। ਇਹ ਮਾਤਾ ਨਾਨਕੀ ਜੀ ਕਿੰਨੇ ਭਾਗਾਂ ਵਾਲੇ ਹਨ ਜਿਨ੍ਹਾਂ ਦੇ ਸਪੁੱਤਰ ਵੀ ਗੁਰੂ ਹੋਏ ਹਨ। ਸਪੁੱਤਰ ਕੌਣ? ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ। ਇਹ ਮਾਤਾ ਨਾਨਕੀ ਜੀ ਕਿੰਨੇ ਭਾਗਾਂ ਵਾਲੇ ਜਿਨ੍ਹਾਂ ਦਾ ਪੋਤਰਾ ਵੀ ਗੁਰੂ ਹੋਇਆ ਹੈ। ਪੋਤਰਾ ਕੌਣ? ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ।

ਧੰਨ ਧੰਨ ਮਾਤਾ ਨਾਨਕੀ ਜੀ ਦੇ ਪਿਤਾ ਜੀ ਦਾ ਨਾਂ ਹਰੀ ਚੰਦ ਸੀ ਤੇ ਮਾਤਾ ਜੀ ਦਾ ਨਾਂ ਹਰਦੇਈ ਜੀ। ਪੇਕਾ ਘਰ ਕਿੱਥੇ ਹੈ? ਬਕਾਲੇ ਜਿਸ ਨੂੰ ਬਾਬਾ ਬਕਾਲਾ ਕਿਹਾ ਜਾਂਦਾ ਹੈ। ਸਾਰਾ ਪਰਿਵਾਰ ਗੁਰੂ ਘਰ ਨਾਲ ਜੁੜਿਆ। ਹੁਣ ਸੀਸ ਝੁਕਾਇਓ, ਇਸ ਮਾਤਾ ਜੀ ਦੇ ਚਰਨਾਂ ਤੇ। ਅੱਜ ਜਿਨ੍ਹਾਂ ਨੂੰ ਪਿਆਰ ਨਾਲ ਕਹਿੰਦੇ ਹੋ:

***ਬਾਬਾ ਅਟੱਲ ਪਕੀਆਂ ਪਕਾਈਆਂ ਘੱਲ।***

ਇਹ ਬਾਬਾ ਅਟੱਲ ਰਾਏ ਜੀ, ਮਾਤਾ ਨਾਨਕੀ ਜੀ ਦੇ ਸਪੁੱਤਰ ਹੋਏ ਹਨ। ਦੂਸਰੇ, ਧੰਨ ਗੁਰੂ ਤੇਗ ਬਹਾਦਰ ਜੀ ਮਾਤਾ ਨਾਨਕੀ ਜੀ ਦੇ ਸਪੁੱਤਰ ਹੋਏ ਹਨ। ਜਦੋਂ ਮਹਾਰਾਜ ਜੀ ਦਾ ਪ੍ਰਕਾਸ਼ ਹੋਇਆ ਤੇ ਪਹਿਲਾਂ ਨਾਂ ਤਿਆਗ ਮੱਲ ਸੀ, ਤੇਗ ਬਹਾਦਰ ਬਾਅਦ ਵਿੱਚ ਪਿਆ। ਕਿੰਨੀ ਕਰਨੀ ਕਮਾਈ ਵਾਲੇ, ਸਪੁੱਤਰਾਂ ਦਾ ਜਨਮ ਐਸੀ ਮਾਤਾ ਜੀ ਦੇ ਕੁੱਖੋਂ। ਇੱਕ ਵਾਰੀ ਪੜ੍ਹੋ ਪਿਆਰ ਨਾਲ ਜੀ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਬਾਬਾ ਅਟੱਲ ਰਾਏ ਜੀ ਪੰਜ ਸਾਲ ਦੇ ਹੋਏ। ਇਹ ਚੀਜ਼ਾਂ ਪੜ੍ਹ ਕੇ ਬੜਾ ਅਨੰਦ ਆਉਂਦਾ ਹੈ ਤੇ

ਸਾਨੂੰ ਰਾਹ ਵੀ ਮਿਲਦਾ ਹੈ। ਕੈਸੇ ਸਾਡੇ ਗੁਰੂ ਸਾਹਿਬ ਹਨ। ਬਾਬਾ ਅਟੱਲ ਰਾਏ ਜੀ ਪੰਜ ਸਾਲ ਦੇ ਹੋਏ, ਗੁਣ ਲੈਣਾ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਾਬਾ ਅਟੱਲ ਰਾਏ ਜੀ ਦੀ ਬਾਂਹ ਫੜ੍ਹ ਕੇ ਕਿਸ ਨੂੰ ਫੜਾਈ, ਬਾਬਾ ਬੁੱਢਾ ਸਾਹਿਬ ਜੀ ਨੂੰ। ਵੇਖ ਲਓ, ਸਾਡੇ ਕੈਸੇ ਗੁਰੂ ਸਾਹਿਬ ਹਨ। ਇੱਕ ਪੰਜ ਸਾਲ ਦੇ ਬਾਲਕ ਦੀ ਬਾਂਹ ਬਾਬਾ ਬੁੱਢਾ ਸਾਹਿਬ ਜੀ ਨੂੰ ਫੜਾ ਕੇ ਕਹਿੰਦੇ ਹਨ, ਬਾਬਾ ਜੀ, ਇਸ ਬੱਚੇ ਨੂੰ ਗੁਰਮੁਖੀ ਪੜ੍ਹਾਓ। ਧਿਆਨ ਦੇਣਾ। ਬਾਬਾ ਬੁੱਢਾ ਸਾਹਿਬ ਜੀ ਅੱਗੋਂ ਹੱਥ ਜੋੜ ਕੇ ਕੀ ਕਹਿੰਦੇ ਹਨ? ਕਹਿੰਦੇ, ਛੇਵੇਂ ਪਾਤਸ਼ਾਹ ਜੀ, ਇਹ ਬੱਚਾ ਉਸ ਪਰਮੇਸ਼ਰ ਦਾ ਆਪਣਾ ਪ੍ਰਕਾਸ਼ ਹੈ। ਮੈਂ ਨਿਮਾਣਾ ਇਸ ਨੂੰ ਕੀ ਸਿਖਾਵਾਂ। ਵੇਖ ਲਓ, ਬਾਬਾ ਅਟੱਲ ਰਾਏ ਜੀ ਬਾਰੇ ਬਾਬਾ ਬੁੱਢਾ ਸਾਹਿਬ ਜੀ ਦੇ ਅੰਦਰ ਕੈਸਾ ਸਤਿਕਾਰ ਸੀ। ਇਹ ਬੱਚਾ ਪਰਮੇਸ਼ਰ ਦਾ ਆਪਣਾ ਪ੍ਰਕਾਸ਼ ਹੈ। ਭਾਈ ਵੀਰ ਸਿੰਘ ਜੀ ਨੇ ਸੁਧੇ ਲਫਜ਼ ਲਿਖੇ ਹਨ। ਪਰਮੇਸ਼ਰ ਦਾ ਸੁਧੇ ਸਿਧ ਪ੍ਰਕਾਸ਼ ਹੈ। ਮੈਂ ਕੀ ਸਿਖਾਵਾਂ। ਅੱਗੋਂ ਛੇਵੇਂ ਪਾਤਸ਼ਾਹ ਜੀ ਕਹਿੰਦੇ, ਬਾਬਾ ਜੀ, ਜ਼ਰੂਰੀ ਹੈ। ਬਾਬਾ ਬੁੱਢਾ ਸਾਹਿਬ ਜੀ ਕਹਿੰਦੇ, ਉਸ ਪਰਮੇਸ਼ਰ ਦੇ ਪ੍ਰਕਾਸ਼ ਦਾ ਆਪਣਾ ਰੂਪ ਹੈ, ਬੜੀ ਬਖਸ਼ੀ ਰੂਹ ਹੈ, ਮੈਂ ਇਨ੍ਹਾਂ ਨੂੰ ਕੁਝ ਸਿਖਾ ਨਹੀਂ ਸਕਦਾ।

ਭਾਈ ਵੀਰ ਸਿੰਘ ਜੀ ਨੇ ਲਫਜ਼ ਲਿਖੇ ਹਨ, ਤੁਹਾਡੇ ਹੁਕਮ ਵਿੱਚ ਇਨ੍ਹਾਂ ਨੂੰ ਅੱਖਰ ਬੋਧ ਕਰਵਾ ਦਿੰਦਾ ਹਾਂ। ਦਾਸ ਇਸ਼ਾਰਾ ਦੇਣਾ ਚਾਹੁੰਦਾ ਹੈ, ਇਨ੍ਹਾਂ ਚੀਜ਼ਾਂ ਤੋਂ ਬੜਾ ਅਨੰਦ ਮਿਲਦਾ ਹੈ। ਇੱਕ ਤਾਂ ਇਹ ਮਿਲਦਾ ਹੈ, ਜਿਹੜੀ ਸਾਡੇ ਘਰਾਂ ਵਿੱਚ ਗੁਰਮੁਖੀ ਦੀ ਜਗ੍ਹਾ ਹਿੰਦੀ ਵੜਦੀ ਜਾ ਰਹੀ ਹੈ। ਆਪ ਸਕੂਲ ਗਏ ਥੇ? ਟੀਚਰ ਨੇ ਕਿਆ ਕਹਾ ਥਾ? ਟੀਚਰ ਨੇ ਕਿਆ ਕਾਮ ਦੀਆ? ਇਸ ਤਰ੍ਹਾਂ ਅਸੀਂ ਬੱਚਿਆਂ ਨਾਲ ਗੱਲਾਂ ਕਰਨ ਲੱਗ ਪਏ ਹਾਂ। ਉਹ ਬੱਚੇ ਜਦੋਂ ਵੱਡੇ ਹੋਣਗੇ ਤੇ ਉਹ ਕਹਿਣਗੇ ਹੀ, ਮੇਰੀ ਮਾਂ, ਮੇਰੇ ਪਿਤਾ ਮੇਰੇ ਨਾਲ ਹਿੰਦੀ ਵਿੱਚ ਗੱਲ ਕਰਨ ਤੇ ਹੌਲੀ ਹੌਲੀ ਇਸ ਤਰ੍ਹਾਂ ਫੇਰ ਗੁਰਮੁਖੀ ਘਰਾਂ ਵਿੱਚੋਂ ਨਿਕਲ ਜਾਵੇਗੀ। ਆਓ ਸੰਭਾਲੀਏ। ਆਪਣੇ ਪੰਜਾਬ ਨਾਲੋਂ ਬਾਹਰਲੇ ਮੁਲਕਾਂ ਵਿੱਚ ਬਹੁਤ ਪਰਿਵਾਰ ਜਿਹੜੇ ਬਾਹਰ ਗੱਲ ਭਾਵੇਂ ਅੰਗਰੇਜ਼ੀ ਵਿੱਚ ਕਰਦੇ ਹਨ ਪਰ ਆਪਣੇ ਬੱਚਿਆਂ ਨਾਲ ਘਰ ਵਿੱਚ ਸਾਰੀ ਗੱਲਬਾਤ ਪੰਜਾਬੀ ਵਿੱਚ ਹੀ ਕਰਦੇ ਹਨ। ਗੁਰਮੁਖੀ ਵਿੱਚ ਕਰਦੇ ਹਨ। ਇਹ ਸਾਡੀ ਮਾਂ ਬੋਲੀ ਹੈ। ਮਾਸੀ ਵੀ ਚੰਗੀ ਹੈ। ਹਿੰਦੀ ਮਾਸੀ ਹੋ ਗਈ। ਮਾਸੀ ਵੀ ਚੰਗੀ ਹੈ ਪਰ ਮਾਂ ਦੀ ਜਗ੍ਹਾ ਮਾਸੀ ਨੂੰ ਨਾ ਦੇਈਏ। ਉਹ ਮਾਂ ਨੂੰ ਹੀ ਦੇਈਏ।

ਵੇਖੋ ਕੈਸੀ ਗੱਲ ਹੈ, ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਕਹਿ ਰਹੇ ਹਨ, ਬਾਬਾ ਅਟੱਲ ਰਾਏ ਜੀ ਦੀ ਬਾਂਹ ਫੜ੍ਹਾ ਕੇ, ਬਾਬਾ ਬੁੱਢਾ ਸਾਹਿਬ ਜੀ ਨੂੰ ਇਸ ਨੂੰ ਗੁਰਮੁਖੀ ਸਿਖਾਓ। ਬਾਬਾ ਜੀ ਅੱਗੋਂ ਕਹਿੰਦੇ, ਇਹ ਪਰਮੇਸ਼ਰ ਦਾ ਪ੍ਰਕਾਸ਼ ਹਨ। ਮੈਂ ਇਨ੍ਹਾਂ ਨੂੰ ਕੀ ਸਿਖਾ ਸਕਦਾ ਹਾਂ। ਵੇਖੋ ਬਾਬਾ ਜੀ ਦਾ ਨਿਮਾਣਾਪੰਨ। ਬਾਬਾ ਜੀ ਨੇ ਬੇਨਤੀ ਕੀਤੀ, ਗੁਰੂ ਸਾਹਿਬ ਜੀ ਆਪ ਜੀ ਦੇ ਹੁਕਮ ਵਿੱਚ ਬੱਚੇ ਨੂੰ ਅੱਖਰ ਬੋਧ ਕਰਵਾ ਦਿੰਦਾ ਹਾਂ। ਇਹ ਵੀ ਖੁਸ਼ੀ ਦੀ ਗੱਲ ਹੈ ਕਿ ਬਾਬਾ ਅਟੱਲ ਰਾਏ ਜੀ ਨੂੰ ਗੁਰਮੁਖੀ ਦੇ ਅੱਖਰ ਬੋਧ ਬਾਬਾ ਬੁੱਢਾ ਸਾਹਿਬ ਜੀ ਨੇ ਕਰਵਾਏ। ਉਸ ਸਮੇਂ ਬਾਬਾ ਅਟੱਲ ਰਾਏ ਜੀ ਦੀ ਉਮਰ 5 ਸਾਲ ਸੀ। ਤਕਰੀਬਨ 9 ਸਾਲ ਦੀ ਉਮਰ ਵਿੱਚ ਜਦੋਂ ਆਪਣੇ ਮਿੱਤਰ ਮੋਹਨ (ਜਿਸ ਦੀ ਮੌਤ ਹੋ ਗਈ ਸੀ) ਨੂੰ ਜ਼ਿੰਦਾ ਕੀਤਾ ਸੀ ਤਾਂ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਿਹਾ ਸੀ, ਤੁਸਾਂ ਠੀਕ ਨਹੀਂ ਕੀਤਾ ਹੁਣ ਜਾਂ ਤੁਸੀਂ ਆਪਣਾ ਚੋਲਾ ਬਦਲੋ ਜਾਂ ਫੇਰ ਅਸੀਂ ਆਪਣਾ ਸਰੀਰ ਰੂਪੀ ਚੋਲਾ ਬਦਲਾਂਗੇ। ਫਿਰ ਬਾਬਾ ਅਟੱਲ ਰਾਏ ਜੀ ਨੇ 9 ਸਾਲ ਦੀ ਆਯੂ ਵਿੱਚ ਪਿਤਾ ਜੀ ਦੀ ਆਗਿਆ ਵਿੱਚ ਚੋਲਾ ਬਦਲਿਆ ਸੀ।

ਇਹ ਇਤਿਹਾਸਕਾਰਾਂ ਨੇ ਲਿਖਿਆ ਹੈ, ਮਾਤਾ ਨਾਨਕੀ ਜੀ ਕਿੰਨੀ ਧੰਨ ਮਾਂ ਹਨ, ਜਦੋਂ ਬਾਬਾ ਅਟੱਲ ਰਾਏ ਜੀ ਨੇ ਪੰਜ ਸਾਲ ਦੀ ਉਮਰ ਵਿੱਚ ਗੁਰਮੁਖੀ ਦੇ ਅੱਖਰ ਸਿੱਖ ਲਏ ਤੇ ਕਹਿੰਦੇ, ਉਸ ਤੋਂ ਅਗਲੀ ਡਿਊਟੀ ਪੰਜ ਸਾਲ ਦੀ ਉਮਰ ਵਿੱਚ ਪੂਰਾ ਜਪੁ ਜੀ ਸਾਹਿਬ ਦਾ ਪਾਠ ਮਾਤਾ ਨਾਨਕੀ ਜੀ ਨੇ ਬਾਬਾ ਅਟੱਲ ਰਾਏ ਜੀ ਨੂੰ ਕੰਠ ਕਰਵਾਇਆ। ਦੂਜਾ ਲਿਖਿਆ ਹੈ, ਭਾਈ ਵੀਰ ਸਿੰਘ ਜੀ ਨੇ ਕਿ ਪੰਜ ਸਾਲ ਦੀ ਉਮਰ ਵਿੱਚ ਸ਼ਬਦ ਹਜ਼ਾਰੇ ਮਾਤਾ ਨਾਨਕੀ ਜੀ ਨੇ ਬਾਬਾ ਅਟੱਲ ਰਾਏ ਜੀ ਨੂੰ ਕੰਠ ਕਰਵਾਏ। ਤੀਜਾ ਲਿਖਿਆ ਹੈ, ਪੰਜ ਸਾਲ ਦੀ ਉਮਰ ਵਿੱਚ ਮਾਤਾ ਨਾਨਕੀ ਜੀ ਨੇ ਬਾਬਾ ਅਟੱਲ ਰਾਏ ਜੀ ਨੂੰ ਰਹਰਾਸਿ ਸਾਹਿਬ ਜ਼ਬਾਨੀ ਕੰਠ ਕਰਵਾਈ। ਚੌਥਾ ਲਿਖਿਆ ਹੈ, ਭਾਈ ਵੀਰ ਸਿੰਘ ਜੀ ਨੇ, ਸੋਹਿਲਾ ਸਾਹਿਬ ਮਾਤਾ ਨਾਨਕ ਜੀ ਨੇ ਬਾਬਾ ਅਟੱਲ ਰਾਏ ਜੀ ਨੂੰ ਕੰਠ ਕਰਵਾਇਆ। ਇਹ ਹੋਰ ਖੋਜੀਆਂ ਨੇ ਵੀ ਤੇ ਭਾਈ ਵੀਰ ਸਿੰਘ ਜੀ ਨੇ ਵੀ ਲਿਖਿਆ ਹੈ, ਕੈਸੀ ਮਾਤਾ ਨਾਨਕੀ ਜੀ ਮਾਂ ਹਨ, ਪੰਜ ਸਾਲ ਦੀ ਉਮਰ ਵਿੱਚ ਜਪੁ ਜੀ ਸਾਹਿਬ, ਸ਼ਬਦ ਹਜ਼ਾਰੇ, ਰਹਰਾਸਿ ਸਾਹਿਬ ਤੇ ਸੋਹਿਲਾ ਸਾਹਿਬ ਬਾਬਾ ਅਟੱਲ ਰਾਏ ਜੀ ਨੂੰ ਆਪ ਸ਼ੁੱਧ ਕਰਵਾਇਆ, ਆਪ ਕੰਠ ਕਰਵਾਇਆ, ਆਪ ਮਿਹਨਤ ਲਗਾਈ। ਅੱਜ ਉਸ ਮਾਤਾ ਜੀ ਦਾ ਇਤਿਹਾਸ ਪੜ੍ਹ ਰਹੇ ਹੋ। ਜਿਨ੍ਹਾਂ ਨੇ ਬਚਪਨ ਵਿੱਚ ਵੀ ਆਪਣੇ ਬਾਲਕ ਬਾਬਾ ਅਟੱਲ ਰਾਏ ਜੀ ਨੂੰ ਗੁਰਬਾਣੀ ਨਾਲ ਜੋੜ ਦਿੱਤਾ। ਦਾਸ ਤੇ ਵੀ, ਤੁਹਾਡੇ ਤੇ ਵੀ ਸਤਿਗੁਰੂ ਜੀ ਕਿਰਪਾ ਕਰਨ, ਦੁਕਾਨਾਂ ਉੱਤੇ, ਨੌਕਰੀਆਂ ਉੱਤੇ, ਪੜ੍ਹਾਈਆਂ ਦੇ ਸੰਬੰਧ ਵਿੱਚ ਇਸ ਇਤਿਹਾਸ ਤੋਂ ਇਹ ਪ੍ਰੇਰਨਾ ਲਈਏ ਕਿ ਜਿੰਨੇ ਮਰਜ਼ੀ ਰੁਝੇਵੇਂ ਵੱਧ ਜਾਣ, ਉਨ੍ਹਾਂ ਵਿੱਚੋਂ ਅੱਧਾ ਪੌਣਾ ਘੰਟਾ ਜ਼ਰੂਰੀ ਕੱਢੀਏ ਕਿ ਬੱਚਿਆਂ ਨਾਲ ਗੁਰਬਾਣੀ ਬਾਰੇ ਗੱਲ ਕਰੀਏ।

***ਪੂਤਾ ਮਾਤਾ ਕੀ ਆਸੀਸ ॥***
***ਨਿਮਖ ਨ ਬਿਸਰਉ ਤੁਮ੍ ਕਉ ਹਰਿ ਹਰਿ***
***ਸਦਾ ਭਜਹੁ ਜਗਦੀਸ ॥੧॥ ਰਹਾਉ ॥***

*(ਅੰਗ ੪੯੬)*

ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਚਰਨਾਂ ਵਿੱਚ ਸਾਰੀ ਸੰਗਤ ਇੱਕ ਅਰਦਾਸ ਕਰਿਆ ਕਰੋ, ਮਹਾਰਾਜ ਜੀ ਸਾਨੂੰ ਪਤਾਸੇ ਵਾਲਾ ਸਤਿਸੰਗ ਬਖਸ਼ਣਾ। ਸਤਿਸੰਗ ਤਿੰਨ ਤਰ੍ਹਾਂ ਦਾ ਹੈ, ਇੱਕ ਹੈ ਪੱਥਰ ਵਾਲਾ, ਇੱਕ ਤੌਲੀਏ ਵਾਲਾ ਤੇ ਇੱਕ ਪਤਾਸੇ ਵਾਲਾ। ਪਾਣੀ ਦਾ ਬਾਟਾ ਭਰਿਆ ਹੋਵੇ, ਉਸ ਵਿੱਚ ਪੱਥਰ ਰੱਖ ਦਿਓ। ਉਨਾ ਚਿਰ ਠੰਡਾ ਰਹਿੰਦਾ ਹੈ ਜਦ ਤੱਕ ਪਾਣੀ ਵਿੱਚ ਹੈ, ਉਨਾ ਚਿਰ ਗਿਲਾ ਰਹਿੰਦਾ ਹੈ ਜਿੰਨਾ ਚਿਰ ਪਾਣੀ ਵਿੱਚ ਹੈ। ਬਾਹਰ ਕੱਢ ਦਿਓ, ਇੱਕ ਦੋ ਮਿੰਟ ਬਾਅਦ ਪੱਥਰ ਫਿਰ ਸੁੱਕ ਜਾਂਦਾ ਹੈ। ਇਸ ਨੂੰ ਪੱਥਰ ਵਾਲਾ ਸਤਿਸੰਗ ਕਿਹਾ ਜਾਂਦਾ ਹੈ। ਬਾਬਾ ਜੀ ਇਹੋ ਜਿਹਾ ਨਾ ਕਰਵਾਇਓ। ਜਿੰਨਾ ਚਿਰ ਸੰਗਤ ਵਿੱਚ ਰਹੀਏ ਤੇ ਭਿੱਜੇ ਰਹੀਏ। ਬਾਹਰ ਜਾਈਏ, ਨਾਲ ਹੀ ਸੁੱਕ ਜਾਈਏ।

ਦੂਜਾ ਹੁੰਦਾ ਹੈ, ਤੌਲੀਏ ਵਾਲਾ ਸਤਿਸੰਗ। ਪਾਣੀ ਦੀ ਬਾਲਟੀ ਵਿੱਚ ਤੌਲੀਆ ਪਾ ਦਿਓ ਤੇ ਫਿਰ ਬਾਹਰ ਕੱਢੋ। ਉਹ ਪੱਥਰ ਵਾਂਗ ਇੱਕ ਮਿੰਟ ਵਿੱਚ ਨਹੀਂ ਸੁਕੇਗਾ। ਦੋ-ਤਿੰਨ ਘੰਟੇ ਬਾਅਦ ਸੁੱਕ ਜਾਵੇਗਾ। ਇਹ ਦੂਸਰੀ ਤਰ੍ਹਾਂ ਦਾ ਸਤਿਸੰਗ ਹੈ, ਸੰਗਤ ਵਿੱਚ ਉੱਠਣ ਤੋਂ ਬਾਅਦ ਕੁਝ ਘੰਟੇ ਅਸਰ ਰਹਿੰਦਾ ਹੈ। ਉਸ ਤੋਂ ਬਾਅਦ ਫਿਰ ਭੁੱਲ ਜਾਂਦਾ ਹੈ। ਮਹਾਰਾਜ ਜੀ, ਇਹੋ ਜਿਹਾ ਸਤਿਸੰਗ ਵੀ ਨਾ ਦੇਣਾ ਕਿ ਕੁਝ ਘੰਟੇ ਅਸਰ ਰਵ੍ਹੇ, ਘਰ ਜਾਣ ਤੱਕ ਫਿਰ ਭੁੱਲ ਜਾਵਾਂ।

ਤੀਜਾ ਹੁੰਦਾ ਹੈ, ਪਤਾਸੇ ਵਾਲਾ ਸਤਿਸੰਗ। ਹੁਣ ਪਾਣੀ ਵਿੱਚ ਪਤਾਸਾ ਪਾ ਦਿਓ, ਬਾਟੇ ਵਿੱਚ ਪਾ ਦਿਓ, ਜਦੋਂ ਦਸ ਮਿੰਟ ਬਾਅਦ ਕੱਢੋ ਕਿ ਉਸ ਨੂੰ

ਪਾਣੀ ਵਿੱਚੋਂ ਕੱਢਣਾ ਹੈ ਤੇ ਨਹੀਂ ਕੱਢ ਸਕੋਗੇ, ਉਹ ਪਾਣੀ ਵਿੱਚ ਹੀ ਘੁੱਲ ਜਾਵੇਗਾ, ਮਿਕਸ ਹੋ ਜਾਵੇਗਾ, ਪਾਣੀ ਦਾ ਹੀ ਰੂਪ ਬਣ ਜਾਵੇਗਾ। ਮਹਾਰਾਜ ਜੀ! ਪਤਾਸੇ ਵਰਗਾ ਸਤਿਸੰਗ ਕਰਵਾਉਣਾ ਕਿ ਜੋ ਸੁਣਿਆ ਹੈ, ਉਹ ਸਦਾ ਸਦਾ ਹੀ ਅਸੀਂ ਉਸ ਦਾ ਰੂਪ ਬਣ ਜਾਈਏ, ਸਦਾ ਸਦਾ ਲਈ ਅਮਲੀ ਜੀਵਨ ਬਣ ਜਾਵੇ।

ਅੱਜ ਕੱਲ੍ਹ ਰੁਝੇਵੇਂ ਬੜੇ ਹਨ, ਦਾਸ ਵੀ ਸਮਝਦਾ ਹੈ, ਕਈਆਂ ਨੂੰ ਨੌਕਰੀਆਂ ਦੇ ਰੁਝੇਵੇਂ ਹਨ, ਕਾਰੋਬਾਰਾਂ ਦੇ, ਆਏ ਗਏ ਦੇ, ਹੋਰ ਕਈ ਤਰ੍ਹਾਂ ਦੇ ਰੁਝੇਵੇਂ ਹਨ ਪਰ ਇੱਕ ਪ੍ਰਣ ਕਰ ਲਓ, ਜਿੰਨੇ ਮਰਜ਼ੀ ਰੁਝੇਵੇਂ ਹੋਣ, ਇੱਕ ਘੰਟਾ ਬੱਚਿਆਂ ਨੂੰ ਗੁਰਬਾਣੀ ਬਾਰੇ ਦੱਸਣ ਲਈ ਬੈਠਣਾ ਹੀ ਬੈਠਣਾ ਹੈ। ਸਾਧ ਸੰਗਤ ਜੀ, ਤੁਹਾਡਾ ਸਤਿਸੰਗ ਪਤਾਸੇ ਵਾਲਾ ਬਣ ਜਾਵੇਗਾ।

ਮਾਤਾ ਨਾਨਕੀ ਜੀ ਨੇ ਕਿੰਨੀਆਂ ਡਿਊਟੀਆਂ ਸੰਭਾਲੀਆਂ ਤੇ ਸਾਰੀਆਂ ਡਿਊਟੀਆਂ ਵਿੱਚੋਂ ਬਾਬਾ ਅਟੱਲ ਰਾਏ ਜੀ ਨੂੰ ਜਪੁ ਜੀ ਸਾਹਿਬ ਕੰਠ ਕਰਵਾਉਣੀ, ਸ਼ਬਦ ਹਜ਼ਾਰੇ, ਰਹਰਾਸਿ ਸਾਹਿਬ, ਸੋਹਿਲਾ ਸਾਹਿਬ ਕੰਠ ਕਰਵਾਉਣਾ। ਸਾਧ ਸੰਗਤ ਜੀ, ਦਾਸ ਦੀ ਬੇਨਤੀ ਹੈ ਪਤਾਸੇ ਵਾਲਾ ਸਤਿਸੰਗ ਕਰਨਾ, ਆਪਣੇ ਘਰਾਂ ਵਿੱਚ ਪੋਤਰਿਆਂ ਨਾਲ, ਪੁੱਤਰਾਂ ਨਾਲ, ਪੁੱਤਰੀਆਂ ਨਾਲ, ਦੋਹਤਰੇ, ਦੋਹਤਰੀਆਂ ਨਾਲ। ਇਸ ਸੰਬੰਧ ਵਿੱਚ ਅੱਧਾ ਪੌਣਾ ਘੰਟਾ ਸਮਾਂ ਦੇਣਾ ਹੈ। ਅਸਲੀ ਖਜ਼ਾਨਾ ਇਹ ਹੈ, ਅਸਲੀ ਲਾਭ ਇਹ ਹੈ। ਅਸਲੀ ਧਨ ਇਹ ਹੈ।

***ਇਹੁ ਧਨੁ ਅਖੁਟੁ ਨ ਨਿਖੁਟੈ ਨ ਜਾਇ ॥***
***ਪੂਰੈ ਸਤਿਗੁਰਿ ਦੀਆ ਦਿਖਾਇ ॥***

*(ਅੰਗ ੬੬੩)*

ਜਿੰਨੀਆਂ ਸੰਗਤਾਂ ਪੜ੍ਹ ਰਹੀਆਂ ਹਨ, ਇਹ ਪੰਕਤੀ ਦੀ ਖੁਸ਼ਬੂ ਸਾਡੇ ਬੱਚਿਆਂ ਦੇ ਜੀਵਨ ਵਿੱਚੋਂ ਵੀ ਆਵੇ। ਇੱਕ ਸ਼ਹਿਰ ਤੋਂ ਸੰਗਤ ਆਈ ਸੀ। ਉਹ ਕਹਿਣ ਲੱਗੇ, ਜੀਵਨ ਸੇਧਾਂ ਕਿਤਾਬ ਲੈ ਕੇ, ਸ਼ਰਧਾ ਦੀਆਂ ਗਿਆਰ੍ਹਾਂ ਨਿਸ਼ਾਨੀਆਂ ਕਿਤਾਬ ਲੈ ਕੇ, ਮੁਹੱਲੇ ਵਿੱਚ ਅੱਧਾ ਘੰਟਾ ਲੜੀਵਾਰ ਕਿਤਾਬ ਵਿੱਚੋਂ ਸਤਿਸੰਗ ਕਰਨਾ ਤੇ ਫੇਰ ਉਸ ਵਿੱਚੋਂ ਬੱਚਿਆਂ ਨੂੰ ਪ੍ਰਸ਼ਨ ਉੱਤਰ ਪੁੱਛਣੇ ਹਨ। ਉਨ੍ਹਾਂ ਨੇ ਇਸ ਚੀਜ਼ ਨੂੰ ਆਧਾਰ ਬਣਾ ਲਿਆ। ਕੁਝ ਬਣਾ ਲਈਏ, ਕਿਸੇ ਢੰਗ ਨਾਲ ਵੀ ਪਰ ਇਹ ਪੰਕਤੀ ਦੀ ਖੁਸ਼ਬੂ ਸਾਡੇ ਆਪਣੇ ਬੱਚਿਆਂ ਪ੍ਰਤੀ ਵੀ ਆਵੇ।

***ਪੂਤਾ ਮਾਤਾ ਕੀ ਆਸੀਸ ॥***

*(ਅੰਗ ੪੯੬)*

ਮਾਤਾ ਨਾਨਕੀ ਜੀ ਕਿੰਨੇ ਭਾਗਾਂ ਵਾਲੇ ਹਨ, ਜਿਨ੍ਹਾਂ ਦੀ ਕੁੱਖ ਵਿੱਚੋਂ ਬਾਬਾ ਅਟੱਲ ਰਾਏ ਜੀ ਆਏ। ਹੁਣ ਦੂਜਾ ਵੇਖੋ, ਅੰਮ੍ਰਿਤਸਰ ਸ਼ਹਿਰ ਕਿੰਨੇ ਭਾਗਾਂ ਵਾਲਾ ਹੈ। ਅੰਮ੍ਰਿਤਸਰ ਵਿੱਚ ਗੁਰੂ ਕੇ ਮਹਿਲ ਵਿਖੇ ਮਾਤਾ ਨਾਨਕੀ ਜੀ ਦੀ ਕੁੱਖ ਵਿੱਚੋਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਨੇ ਆਗਮਨ ਲਿਆ। ਹੁਣ ਇੱਥੇ ਇੱਕ ਗੱਲ ਹੋਰ ਹੈ। ਇਤਿਹਾਸਕਾਰਾਂ ਨੇ ਲਿਖਿਆ ਹੈ, ਜਦੋਂ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਆਗਮਨ ਹੋਇਆ ਹੈ, ਛੇਵੇਂ ਪਾਤਸ਼ਾਹ ਜੀ ਸ੍ਰੀ ਦਰਬਾਰ ਸਾਹਿਬ ਕੀਰਤਨ ਸੁਣ ਰਹੇ ਸੀ ਤੇ ਕੀਰਤਨ ਸਰਵਣ ਕਰਕੇ ਜਦੋਂ ਗੁਰੂ ਕੇ ਮਹਿਲ ਆਏ, ਸਾਰਿਆਂ ਨੇ ਆਖਿਆ, ਬਾਲਕ ਦਾ ਆਗਮਨ ਹੋਇਆ ਹੈ। ਹੁਣ ਇੱਥੇ ਆ ਕੇ ਤੁਹਾਡਾ ਸਿਰ ਝੁਕੇਗਾ। ਸ੍ਰੀ ਦਰਬਾਰ ਸਾਹਿਬ ਤੋਂ ਕੀਰਤਨ ਸਰਵਣ ਕਰਕੇ ਛੇਵੇਂ ਪਾਤਸ਼ਾਹ ਜੀ ਜਦੋਂ ਵਾਪਸ ਆਏ ਤੇ ਸਾਰਿਆਂ ਨੇ ਆਖਿਆ ਬਾਲਕ ਹੋਇਆ ਹੈ। ਸਾਰੇ ਰਾਈਟਰਾਂ ਨੇ ਲਿਖਿਆ ਹੈ ਕਿ ਧੰਨ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਉਸ ਬਾਲਕ ਨੂੰ ਆਪ ਨਮਸਕਾਰ ਕੀਤੀ। ਵੇਖੋ ਕਿੰਨੀ ਵੱਡੀ ਗੱਲ ਸੀ। ਗੁਰੂ ਸਾਹਿਬ ਨੇ ਬਾਲਕ ਨੂੰ ਮੱਥਾ ਟੇਕਿਆ।

ਕਈਆਂ ਨੇ ਬੰਦਨਾ ਲਿਖਿਆ ਹੈ, ਕਈਆਂ ਨੇ ਨਮਸਕਾਰ ਲਿਖਿਆ ਹੈ। ਅਗਲੇ ਲਫਜ਼ ਲਿਖੇ ਹਨ, ਸਿੱਖ ਸੇਵਕ ਜਿਹੜੇ ਕੋਲ ਖੜ੍ਹੇ ਸੀ, ਉਨ੍ਹਾਂ ਨੇ ਪੁੱਛ ਲਿਆ, ਸਤਿਗੁਰੂ ਜੀ, ਤੁਸੀਂ ਆਪ ਗੁਰੂ ਹੋ ਤੇ ਕੀ ਕਾਰਨ ਹੈ, ਤੁਸੀਂ ਨਮਸਕਾਰ ਕਰ ਦਿੱਤੀ, ਬੰਦਨਾ ਕਰ ਦਿੱਤੀ, ਮੱਥਾ ਟੇਕ ਦਿੱਤਾ।

ਭਾਈ ਵੀਰ ਸਿੰਘ ਜੀ ਨੇ ਦੋ ਗੱਲਾਂ ਲਿਖੀਆਂ ਹਨ, ਛੇਵੇਂ ਪਾਤਸ਼ਾਹ ਜੀ ਨੇ ਕੀ ਆਖਿਆ, ਇਹ ਬਾਲਕ ਆਮ ਬਾਲਕ ਨਹੀਂ। ਇਸ ਨੂੰ ਅਸੀਂ ਨਮਸਕਾਰ ਕੀਤੀ ਹੈ, ਇਹ ਬਾਲਕ ਸਾਰੀ ਧਰਤੀ ਦੇ ਕਸ਼ਟਾਂ ਨੂੰ ਖਤਮ ਕਰੇਗਾ। ਇੱਥੇ ਆ ਕੇ ਵਿਲ ਪਾਵਰ ਭਰੋ। ਸਾਡੇ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਧਰਤੀ ਦੇ ਸਾਰੇ ਕਸ਼ਟਾਂ ਨੂੰ ਖਤਮ ਕਰਨ ਵਾਲੇ ਹੋਣ ਤੇ ਕੀ ਸਾਡੇ ਨਹੀਂ ਕਰਨਗੇ? ਅੰਦਰੋਂ ਉਨ੍ਹਾਂ ਦੇ ਬਣੀਏ। ਦਾਸ ਇਹ ਨਹੀਂ ਕਹਿੰਦਾ ਕਿ ਮੈਂ ਪੂਰਾ ਹਾਂ। ਦਾਸ ਦੀ ਵੀ ਬੈਟਰੀ ਡਾਊਨ ਹੋ ਜਾਂਦੀ ਹੈ ਪਰ ਜਦੋਂ ਬੈਟਰੀ ਡਾਊਨ ਹੋਵੇ ਤੇ ਦਾਸ ਕਿਸੇ ਬਖਸ਼ੇ ਨੂੰ ਫੋਨ ਕਰਦਾ ਹੈ ਤੇ ਉਸ ਦੀ ਗੱਲ ਸੁਣਦਾ ਹੈ, ਫੋਨ ਤੇ ਉਸ ਨੇ ਕੀ ਵਿਊ ਦਿੱਤਾ ਹੈ। ਜਦੋਂ ਬੈਟਰੀ ਡਾਊਨ ਹੋਵੇ ਤੇ ਕਿਸੇ ਬਖਸ਼ੇ ਨੂੰ ਫੋਨ ਕਰਦਾ ਹਾਂ ਤੇ ਉਹ ਅੱਗੇ ਇਹੀ ਕਹਿੰਦਾ ਹੈ, ਘਬਰਾਉਣ ਦੀ ਲੋੜ ਨਹੀਂ, ਸਾਡਾ ਮਾਲਕ ਤਕੜਾ ਹੈ। ਘਬਰਾਉਣ ਦੀ ਲੋੜ ਨਹੀਂ, ਸਾਡਾ ਰਹਿਬਰ ਤਕੜਾ ਹੈ। ਇਹ ਗੱਲਾਂ ਆਪਣੀਆਂ ਬਣਾਈਆਂ ਨਹੀਂ। ਇਹ ਕਹਿ ਰਹੇ ਹਨ, ਛੇਵੇਂ ਪਾਤਸ਼ਾਹ ਜੀ ਤੇ ਕਿਸ ਬਾਰੇ ਕਹਿ ਰਹੇ ਹਨ, ਨੌਵੀਂ ਜੋਤ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਬਾਰੇ। ਮਹਾਰਾਜ ਜੀ, ਕਿਉਂ ਨਮਸਕਾਰ ਕੀਤੀ? **ਛੇਵੇਂ ਪਾਤਸ਼ਾਹ ਜੀ ਨੇ ਪਹਿਲਾ ਬਚਨ ਕੀਤਾ- ਇਹ ਬਾਲਕ ਧਰਤੀ ਤੇ ਕਸ਼ਟਾਂ ਨੂੰ ਖਤਮ ਕਰਨ ਵਾਸਤੇ ਆਇਆ ਹੈ।** ਦਾਸ ਦੀ ਬੇਨਤੀ ਹੈ ਕਿ ਤੁਸੀਂ ਵੀ ਅੰਦਰੋਂ ਪਿਆਰ ਕਰੋ ਗੁਰੂ ਸਾਹਿਬ ਨਾਲ। ਜਿਹੜਾ ਮਾਲਕ ਧਰਤੀ ਤੇ ਕਸ਼ਟਾਂ ਨੂੰ ਖਤਮ ਕਰਨ ਆਇਆ ਹੈ, ਕੀ ਤੁਹਾਡੇ ਸਾਡੇ ਕਸ਼ਟਾਂ ਨੂੰ ਖਤਮ ਨਹੀਂ ਕਰੇਗਾ? ਤੁਹਾਡੀ ਸਾਡੀ ਬਾਂਹ ਨਹੀਂ ਫੜ੍ਹੇਗਾ? ਗੁਰੂ ਸਾਹਿਬ ਸਾਨੂੰ ਸਿਦਕ, ਭਰੋਸਾ ਤੇ ਪਿਆਰ ਸਤਿਸੰਗ ਵਿੱਚੋਂ ਝੋਲੀ ਵਿੱਚ ਪਾਉਣ।

**ਛੇਵੇਂ ਪਾਤਸ਼ਾਹ ਜੀ ਨੇ ਦੂਸਰਾ ਬਚਨ ਕੀਤਾ- ਇਸ ਬਾਲਕ ਨੂੰ ਨਮਸਕਾਰ ਤਾਂ ਕੀਤੀ ਹੈ, ਇਹ ਬਾਲਕ ਸੰਸਾਰ ਵਿੱਚ ਰਹਿ ਕੇ ਧਰਮ ਦੀ ਰੱਖਿਆ ਕਰੇਗਾ।** ਭਾਈ ਵੀਰ ਸਿੰਘ ਜੀ ਨੇ ਇਹ ਦੋ ਬਚਨ ਲਿਖੇ ਹਨ।

ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਤਿੰਨ ਬਚਨ ਲਿਖੇ ਹਨ, ਧੰਨ ਗੁਰੂ ਤੇਗ ਬਹਾਦਰ ਜੀ ਬਾਰੇ। ਸਿੱਖ ਸੇਵਕ ਕਹਿੰਦੇ ਹਨ, ਮਹਾਰਾਜ ਜੀ, ਇਸ ਬਾਲਕ ਨੂੰ ਨਮਸਕਾਰ ਕਿਉਂ ਕੀਤੀ? ਇਸ ਬਾਰੇ ਪ੍ਰਿੰਸੀਪਲ ਸਤਿਬੀਰ ਸਿੰਘ ਜੀ ਨੇ ਲਿਖਿਆ ਹੈ, **ਛੇਵੇਂ ਪਾਤਸ਼ਾਹ ਜੀ ਨੇ ਤੀਜਾ ਬਚਨ ਕੀਤਾ- ਇਹ ਬਾਲਕ ਇੰਦਰੀ ਜਿੱਤ ਹੋਵੇਗਾ। ਵਾਸ਼ਨਾਵਾਂ ਨੂੰ ਜਿੱਤਿਆ ਹੋਵੇਗਾ।**

**ਛੇਵੇਂ ਪਾਤਸ਼ਾਹ ਜੀ ਨੇ ਚੌਥਾ ਬਚਨ ਕੀਤਾ- ਇਹ ਬਾਲਕ ਤਿਆਗ ਦਾ ਸਿਖਰ ਹੋਵੇਗਾ। ਤਿਆਗ ਵਿੱਚ ਸਿਖਰ ਤੇ ਪਹੁੰਚੇਗਾ।**

**ਛੇਵੇਂ ਪਾਤਸ਼ਾਹ ਜੀ ਨੇ ਪੰਜਵਾਂ ਬਚਨ ਕੀਤਾ- ਇਹ ਬਾਲਕ ਤੇਗ ਦਾ ਧਨੀ ਹੋਵੇਗਾ। ਸ਼ਸ਼ਤਰ ਵਿਦਿਆ ਵਿੱਚ ਨਿਪੁੰਨ ਹੋਵੇਗਾ।**

ਮਾਤਾ ਨਾਨਕੀ ਜੀ ਵਿੱਚ ਚਾਰ ਵੱਡੇ ਗੁਣ ਸਨ ਜਿਨ੍ਹਾਂ ਨਾਲ ਸਾਡੇ ਘਰਾਂ ਦਾ ਸੁਧਾਰ ਹੋ ਸਕੇ। ਜਾਗ੍ਰਿਤੀ ਆਉਂਦੀ ਹੈ। ਜੇ ਕੋਈ ਗਲਤੀ ਨਹੀਂ ਵੀ ਛੱਡਦਾ, ਉਸ ਨੂੰ ਚਾਨਣਾ ਜ਼ਰੂਰ ਹੋ ਜਾਂਦਾ ਹੈ ਕਿ ਇਹ ਗਲਤੀ ਹੈ। ਦਾਸ ਨੇ ਨੋਟ ਕੀਤਾ ਹੈ, ਜਿਹੜੀ ਬੱਚੀ ਵੀ ਆਪਣੇ ਘਰ ਵਿੱਚ ਵਿਗੜਦੀ ਹੈ, ਉਸ ਨੂੰ ਗਲਤ ਸੰਗ ਵਿਗਾੜਦਾ ਹੈ। ਉਹ ਟੀ.ਵੀ. ਰਾਹੀਂ ਹੋ ਜਾਵੇ, ਭਾਵੇਂ ਗਲਤ ਸਹੇਲੀ ਦਾ ਸੰਗ ਹੋ ਜਾਵੇ।

ਟੀ.ਵੀ. ਤੇ ਕੋਈ ਚੀਜ਼ ਬੱਚੀ ਵੇਖ ਲਵੇਗੀ, ਘਰ ਵਿੱਚ ਇਹ ਗੱਲ ਸੱਸ ਨੇ ਕਹੀ ਤੇ ਨੂੰਹ ਨੇ ਇਹ ਜਵਾਬ ਦਿੱਤਾ, ਨੂੰਹ ਬੋਲੀ ਤੇ ਸੱਸ ਤੇ ਆਹ ਜਵਾਬ ਦਿੱਤਾ ਤੇ ਉਹ ਦਿਮਾਗ ਵਿੱਚ ਫਿੱਟ ਹੋ ਜਾਂਦੀ ਹੈ ਤੇ ਕੱਲ ਨੂੰ ਘਰ ਵਿੱਚ ਗੱਲ ਹੋ ਜਾਵੇ ਤੇ ਉਹੋ ਗੱਲ ਜੋ ਟੀ.ਵੀ. ਤੇ ਸੀਰੀਅਲ ਵੇਖ ਕੇ ਪਈ ਹੁੰਦੀ ਹੈ, ਉਹ ਹੀ ਫਿਰ ਜਵਾਬ ਦਿੰਦੀ ਹੈ ਜਿਸ ਨਾਲ ਘਰਾਂ ਵਿੱਚ ਸ਼ਾਂਤੀ ਉੱਡਦੀ ਜਾ ਰਹੀ ਹੈ। ਚੰਗਾ ਸੰਗ, ਗਲਤੀ ਕੋਈ ਨਾ ਵੀ ਛੱਡੇ, ਦਾਸ ਕਹਿੰਦਾ ਹੈ, ਇੱਕ ਪੌੜੀ ਜ਼ਰੂਰ ਚੜ੍ਹ ਜਾਵੇਗਾ, ਗਲਤੀ ਦਾ ਚਾਨਣਾ ਜ਼ਰੂਰ ਹੋ ਜਾਵੇਗਾ। ਹੌਲੀ-ਹੌਲੀ ਫਿਰ ਭਾਵੇਂ ਉੱਧਰ ਵੀ ਆ ਜਾਵੇਗਾ, ਇਹ ਗਲਤੀਆਂ ਜੀਵਨ ਵਿੱਚੋਂ ਨਿਕਲ ਹੀ ਜਾਣ।

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***
***(ਅੰਗ ੪੭੩)***

ਧੰਨ ਮਾਤਾ ਨਾਨਕੀ ਜੀ, ਧੰਨ ਗੁਰੂ ਤੇਗ ਬਹਾਦਰ ਜੀ ਦੇ ਮਾਤਾ ਜੀ, ਅਨੇਕਾਂ ਗੁਣਾਂ ਵਿੱਚੋਂ ਇੱਕ ਗੁਣ ਅਜੀਬ ਜਾਪਿਆ ਹੈ ਜਿਹੜਾ ਸਾਡੇ ਘਰਾਂ ਵਿੱਚ ਇਨਕਲਾਬ ਲਿਆ ਸਕਦਾ ਹੈ। ਧੰਨ ਮਾਤਾ ਨਾਨਕੀ ਜੀ ਦਾ ਜਦੋਂ ਅਨੰਦ ਕਾਰਜ ਹੋਇਆ ਤੇ ਆ ਗਏ ਸਹੁਰੇ ਘਰ। ਦਾਸ ਪੜ੍ਹ ਕੇ ਹੈਰਾਨ ਹੋ ਗਿਆ। ਮਾਤਾ ਨਾਨਕੀ ਜੀ ਦੇ ਸੱਸ ਮਾਤਾ ਹੋ ਗਏ, ਧੰਨ ਮਾਤਾ ਗੰਗਾ ਜੀ। ਤੁਸੀਂ ਹੈਰਾਨ ਹੋਵੋਗੇ, ਦੋ ਡਿਊਟੀਆਂ, ਬਾਕੀ ਘਰ ਦੀਆਂ ਡਿਊਟੀਆਂ ਵੀ ਸੰਭਾਲੀਆਂ ਪਰ ਇਹ ਦੋ ਡਿਊਟੀਆਂ ਅਜੀਬ ਸੰਭਾਲੀਆਂ ਜਿਹੜੀਆਂ ਦਾਸ ਬੋਲਣੀਆਂ ਚਾਹੁੰਦਾ ਹੈ। ਧੰਨ ਮਾਤਾ ਨਾਨਕੀ ਜੀ ਨੇ ਵਿਆਹ ਤੋਂ ਇੱਕ-ਦੋ ਦਿਨ ਬਾਅਦ ਇਹ ਦੋ ਡਿਊਟੀਆਂ ਸੰਭਾਲ ਲਈਆਂ, ਕਿਹੜੀਆਂ? ਪਹਿਲੀ ਡਿਊਟੀ ਸੰਭਾਲ ਲਈ, ਆਪਣੀ ਸੱਸ, ਮਾਤਾ ਗੰਗਾ ਜੀ ਨੂੰ ਕਹਿੰਦੇ ਕਿ ਅੱਜ ਤੋਂ ਬਾਅਦ ਇਹ ਸੇਵਾ ਮੇਰੀ ਝੋਲੀ ਵਿੱਚ ਪਾ ਦਿਓ ਕਿ ਸਵੇਰੇ ਅੰਮ੍ਰਿਤ ਵੇਲੇ, ਜਿੰਨੇ ਵਜੇ ਤੁਸੀਂ ਉੱਠਦੇ ਹੋ, ਤੁਹਾਨੂੰ ਇਸ਼ਨਾਨ ਕਰਵਾਉਣ ਦੀ ਸੇਵਾ ਮੈਂ ਕਰਨੀ ਹੈ। ਬੜੀ ਵੱਡੀ ਗੱਲ ਹੈ। ਮਾਤਾ ਗੰਗਾ ਜੀ (ਆਪਣੀ ਸੱਸ) ਅੱਗੇ ਮਾਤਾ ਨਾਨਕੀ ਜੀ ਨੇ ਝੋਲੀ ਅੱਡ ਕੇ ਇਹ ਸੇਵਾ ਲਈ, ਹੁਣ ਦੱਸੋ ਕੀ ਘਰ ਨਰਕ ਬਣ ਸਕਦੇ ਹਨ, ਸੱਚਖੰਡ ਹੀ ਬਣਨਗੇ। ਮਾਤਾ ਨਾਨਕੀ ਜੀ ਨੇ ਮਾਤਾ ਗੰਗਾ ਜੀ ਨੂੰ ਪੁੱਛ ਕੇ ਇਹ ਸੇਵਾ ਝੋਲੀ ਵਿੱਚ ਪਵਾਈ ਕਿ ਅੱਜ ਤੋਂ ਬਾਅਦ ਤੁਹਾਨੂੰ ਇਸ਼ਨਾਨ ਮੈਂ ਕਰਵਾਉਣਾ ਹੈ।

ਭਾਈ ਵੀਰ ਸਿੰਘ ਜੀ ਨੇ ਲਿਖਿਆ ਹੈ ਦੂਜੀ ਸੇਵਾ ਮੰਗੀ ਮਾਤਾ ਨਾਨਕੀ ਜੀ ਨੇ, ਮਾਤਾ ਗੰਗਾ ਜੀ ਨੂੰ ਕਹਿਣ ਲੱਗੇ, ਤੁਸੀਂ ਜਦੋਂ ਰਾਤੀਂ ਲੇਟਣਾ ਹੈ, ਅੱਧਾ ਪੌਣਾ ਘੰਟਾ ਮੈਂ ਮੁੱਠੀ ਚਾਪੀ ਦੀ ਸੇਵਾ ਕਰਨੀ ਹੈ। ਜਿਸਨੂੰ ਅਸੀਂ ਸਮਝਦੇ ਹਾਂ, ਲੱਤਾਂ-ਬਾਹਵਾਂ ਘੁੱਟਣੀਆਂ। ਇਹ ਕੋਈ ਛੋਟੀ ਗੱਲ ਨਾ ਸਮਝਣਾ। ਸਾਡੇ ਕਈ ਇਤਿਹਾਸ ਇਹੋ ਜਿਹੇ ਹਨ ਕਿ ਜੇ ਇਨ੍ਹਾਂ ਨੂੰ ਪਿਆਰ ਨਾਲ ਸੁਣ ਕੇ ਪਤਾਸੇ ਵਰਗਾ ਸਤਿਸੰਗ ਕਰ ਲਈਏ ਤੇ ਸਾਡੇ ਘਰ ਸੱਚਖੰਡ ਬਣ ਜਾਣਗੇ। ਉਹ ਨੂੰਹ ਜਿਹੜੀ ਸੌਣ ਤੋਂ ਪਹਿਲਾਂ ਅੱਧਾ ਪੌਣਾ ਘੰਟਾ ਸੱਸ ਦੀਆਂ ਲੱਤਾਂ ਬਾਹਵਾਂ ਘੁੱਟਦੀ ਹੈ, ਦੱਸੋ ਉਸ ਘਰ ਦਾ ਮਾਹੌਲ ਕੀ ਬਣ ਜਾਵੇਗਾ। ਵੱਖਰਾ ਹੀ ਅਨੰਦ ਹੋਵੇਗਾ।

ਭਾਈ ਤਾਰੂ ਸਿੰਘ ਜੀ ਦੇ ਜਨਮ ਅਸਥਾਨ ਪੂਹਲਾ ਸਾਹਿਬ ਵਿਖੇ ਚੁਪਹਿਰਾ ਜਪ ਤਪ ਸਮਾਗਮ ਸੀ। ਭਾਈ ਪਿੰਦਰਪਾਲ ਸਿੰਘ ਜੀ ਦੀ ਡੇਢ ਘੰਟਾ ਹਾਜ਼ਰੀ ਸੀ ਉੱਥੇ। ਉਹ ਕਹਿੰਦੇ, ਭਾਈ ਤਾਰੂ ਸਿੰਘ ਜੀ ਦੇ ਜੀਵਨ ਵਿੱਚੋਂ ਕਿੰਨੀ ਵੱਡੀ ਖੁਸ਼ਬੂ ਆਉਂਦੀ ਹੈ ਕਿ ਕੇਸਾਂ ਦਾ ਸਤਿਕਾਰ ਕੀਤਾ, ਕੇਸ ਖੋਪਰੀ ਸਮੇਤ ਉਤਰਵਾ ਦਿੱਤੇ। ਫਿਰ ਕਹਿੰਦੇ ਦੋ ਸਿੰਘ ਹੋਏ ਹਨ, ਧੰਨ ਬਾਬਾ ਦੀਪ ਸਿੰਘ ਜੀ ਤੇ ਧੰਨ ਭਾਈ

ਤਾਰੂ ਸਿੰਘ ਜੀ, ਜਿਨ੍ਹਾਂ ਨੇ ਜੋ ਬਚਨ ਕੀਤਾ ਹੈ ਤੇ ਕਲਗੀਧਰ ਪਿਤਾ ਜੀ ਨੂੰ ਪੂਰਾ ਕਰਨਾ ਪਿਆ। ਧੰਨ ਬਾਬਾ ਦੀਪ ਸਿੰਘ ਜੀ ਨੇ ਬਚਨ ਕੀਤਾ ਸੀ, ਮੌਤ ਨੂੰ ਮਜ਼ਾਕ ਕੀਤਾ ਸੀ ਕਿ ਤਦ ਤੱਕ ਨਹੀਂ ਮਰਾਂਗਾ ਜਦ ਤੱਕ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੇ ਚਰਨਾਂ ਵਿੱਚ ਸੀਸ ਨਾ ਦੇ ਦਿਆਂ। ਤੇ ਸੀਸ ਤਲੀ ’ਤੇ ਵੀ ਰੱਖ ਲਿਆ ਸੀ। ਗੁਰੂ ਸਾਹਿਬ ਨੇ ਸਿੱਖ ਦਾ ਬਚਨ ਪੂਰਾ ਕੀਤਾ। ਭਾਈ ਤਾਰੂ ਸਿੰਘ ਜੀ ਨੂੰ ਜ਼ਕਰੀਆ ਖਾਨ ਨੇ ਕਿਹਾ ਸੀ, ਤੇਰੇ ਦਾਹੜੇ ਤੇ ਸਿਰ ਤੇ ਮੈਂ ਜੁੱਤੀਆਂ ਮਾਰਾਂਗਾ। ਤੇ ਭਾਈ ਤਾਰੂ ਸਿੰਘ ਜੀ ਨੇ ਬਚਨ ਕਰ ਦਿੱਤਾ ਕਿ ਤੂੰ ਮੇਰੇ ਸਿਰ ਤੇ ਜੁੱਤੀਆਂ ਕੀ ਮਾਰਨੀਆਂ ਹਨ, ਜਾ ਬਚਨ ਕਰਦਾ ਹਾਂ, ਤੈਨੂੰ ਜੁੱਤੀਆਂ ਮਾਰ ਕੇ ਪਹਿਲਾਂ ਭੇਜਾਂਗਾ ਤੇ ਆਪ ਸੱਚਖੰਡ ਬਾਅਦ ਵਿੱਚ ਜਾਵਾਂਗਾ। 22 ਦਿਨ ਖੋਪਰੀ ਲੱਥੀ ਤੇ ਜਿੰਦਾ ਰਹੇ ਭਾਈ ਤਾਰੂ ਸਿੰਘ ਜੀ, ਰਾਮਗੜ੍ਹੀਆ ਧਰਮਸਾਲ, ਲਾਹੌਰ ਵਿਖੇ। ਉਨ੍ਹਾਂ 22 ਦਿਨਾਂ ਵਿੱਚ ਜ਼ਕਰੀਆ ਖਾਨ ਦਾ ਪਿਸ਼ਾਬ ਬੰਦ ਹੋ ਗਿਆ ਤੇ ਫਿਰ ਖਾਲਸੇ ਨੇ ਹੁਕਮ ਲਗਾਇਆ, ਭਾਈ ਤਾਰੂ ਸਿੰਘ ਜੀ ਦੀ ਜੁੱਤੀ ਲਿਆ ਕੇ ਇਸ ਦੇ ਸਿਰ ਤੇ ਮਾਰੋ। ਜਿਉਂ-ਜਿਉਂ ਭਾਈ ਤਾਰੂ ਸਿੰਘ ਦੀਆਂ ਜੁੱਤੀਆਂ ਇਸ ਦੇ ਸਿਰ ਤੇ ਵੱਜਣਗੀਆਂ ਤਿਉਂ-ਤਿਉਂ ਪਿਸ਼ਾਬ ਆਵੇਗਾ। ਫਿਰ 21ਵੇਂ ਦਿਨ ਜੁੱਤੀਆਂ ਖਾ ਖਾ ਕੇ ਜ਼ਕਰੀਆਂ ਖਾਨ ਦੀ ਮੌਤ ਹੋਈ ਤੇ ਫਿਰ 22ਵੇਂ ਦਿਨ ਸਿੱਖ ਦਾ ਬਚਨ ਪੂਰਾ ਹੋਣ ਤੋਂ ਬਾਅਦ ਭਾਈ ਤਾਰੂ ਸਿੰਘ ਜੀ ਨੇ ਆਪਣਾ ਸਰੀਰ ਤਿਆਗਿਆ।

ਉਨ੍ਹਾਂ ਨੇ ਭਾਈ ਤਾਰੂ ਸਿੰਘ ਜੀ ਦੇ ਜੀਵਨ ਦੇ ਕਈ ਅੰਸ਼ ਰੱਖੇ। ਇੱਕ ਅੰਸ਼ ਇਹ ਸੀ, ਭਾਈ ਤਾਰੂ ਸਿੰਘ ਜੀ ਨੂੰ ਗ੍ਰਿਫਤਾਰ ਕਿਉਂ ਕੀਤਾ ਹੈ? ਆਹ ਕਾਰਨ ਸੀ, ਗੁਰਸਿੱਖਾਂ ਦੀ ਸੇਵਾ ਕਰਦੇ ਸੀ। ਆਏ ਗਏ ਗੁਰਮੁਖਾਂ, ਗੁਰਸਿੱਖਾਂ ਦੀ ਸੇਵਾ ਕਰਦੇ ਸੀ। ਉਨ੍ਹਾਂ ਦੇ ਪਰਸ਼ਾਦੇ, ਪਾਣੀ, ਉਨ੍ਹਾਂ ਦੇ ਬਸਤਰ, ਉਨ੍ਹਾਂ ਦੇ ਕਛਹਿਰੇ ਧੌਣੇ। ਇਸ ਦਾ ਇੰਨਾ ਮਹਾਤਮ ਹੈ ਕਿ ਬਾਬਾ ਠਾਕੁਰ ਸਿੰਘ ਜੀ, ਬ੍ਰਹਮ ਗਿਆਨੀ ਦਮਦਮੀ ਟਕਸਾਲ ਦੇ, ਸਵੇਰੇ ਉੱਠ ਕੇ ਜੋ ਨੇਮ ਸੀ, ਸਾਰਾ ਵਿਦਿਆਰਥੀਆਂ ਦਾ ਨੇਮ ਸੀ ਤੇ ਸਾਢੇ-ਛੇ ਸੱਤ ਵਜੇ ਵਿਦਿਆਰਥੀਆਂ ਨੂੰ ਦੁੱਧ ਆਪ ਛਕਾਉਂਦੇ ਸੀ। ਜਲ ਪਾਣੀ ਪੰਗਤਾਂ ਲਗਾ ਕੇ ਆਪ ਛਕਾਉਣਾ। ਸਾਰਿਆਂ ਨੇ ਕਹਿਣਾ, ਇਹ ਵਿਦਿਆਰਥੀ ਹਨ। ਬਾਬਾ ਠਾਕੁਰ ਸਿੰਘ ਜੀ, ਤੁਸੀਂ ਆਪ ਮਹਾਂਪੁਰਸ਼ ਹੋ। ਵਿਦਿਆਰਥੀਆਂ ਨੂੰ ਆਪ ਛਕਾਉਂਦੇ ਹੋ ਤੇ ਉਨ੍ਹਾਂ ਨੇ ਕੀ ਆਖਣਾ, ਇਹ ਮੈਂ ਵਿਦਿਆਰਥੀਆਂ ਦੀ ਸੇਵਾ ਨਹੀਂ ਕਰ ਰਿਹਾ, ਇਹ ਖਾਲਸੇ ਦੀ ਸੇਵਾ ਕਰ ਰਿਹਾ ਹਾਂ। ਇਹ ਸਾਡਾ ਸਿੱਖਾਂ ਦਾ ਆਪਸ ਵਿੱਚ ਇੰਨਾ ਪਿਆਰ ਹੋਵੇ, ਇੰਨੀ ਮੁਹੱਬਤ ਹੋਵੇ, ਇੱਕ ਦੂਜੇ ਦੀ ਸੇਵਾ ਭਾਵਨਾ। ਭਾਈ ਤਾਰੂ ਸਿੰਘ ਜੀ ਸੇਵਾ ਕਰਦੇ ਸੀ। ਜਦੋਂ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਆਏ ਤੇ ਉਨ੍ਹਾਂ ਦੀ ਮਾਤਾ ਨੇ ਸਿਪਾਹੀਆਂ ਨੂੰ ਵੀ ਕਿਹਾ, ਗ੍ਰਿਫਤਾਰ ਕਰ ਲੈਣਾ। ਜਾਂਦਾ ਨਹੀਂ ਕਿਤੇ। ਤਾਰੂ ਸਿੰਘ ਖੇਤਾਂ ਨੂੰ ਗਿਆ ਹੈ ਜਿੰਨੀ ਦੇਰ ਨਹੀਂ ਆਉਂਦਾ ਓਨੀ ਦੇਰ ਤੁਸੀਂ ਪਰਸ਼ਾਦਾ ਛਕ ਲਓ। ਦੁਸ਼ਮਣ ਨੂੰ ਵੀ ਕਿਹਾ ਹੈ, ਆਇਆ ਹੈਂ ਤੇ ਪਰਸ਼ਾਦਾ ਛੱਕ ਲੈ। ਭਾਈ ਤਾਰੂ ਸਿੰਘ ਜੀ ਦੀ ਗ੍ਰਿਫਤਾਰੀ ਦਾ ਕਾਰਨ ਕੀ ਸੀ ਕਿ ਤੂੰ ਸਿੱਖਾਂ ਦੀ ਸੇਵਾ ਕਰਦਾ ਹੈਂ। ਸੰਗਤ ਜੀ ਧਿਆਨ ਦੇਣਾ, ਇਹ ਬੜੀ ਵੱਡੀ ਮਹਾਨ ਸੇਵਾ ਹੈ।

***ਗੁਰਮੁਖਿ ਪਰਉਪਕਾਰੀ ਵਿਰਲਾ ਆਇਆ।***

*(ਵਾਰ ੧੯, ਪਉੜੀ ੧੨)*

ਇਹ ਮਾਤਾ ਨਾਨਕੀ ਜੀ ਨੂੰ ਕਿੰਨਾ ਧੰਨ ਕਹੀਏ ਜਿਨ੍ਹਾਂ ਨੇ ਦੋ ਚੀਜ਼ਾਂ ਵਾਸਤੇ ਝੋਲੀ ਅੱਡੀ ਕਿ ਮੇਰੇ ਘਰ ਵਿੱਚ ਹੀ ਗੁਰਮੁਖ ਸੱਸ ਹੈ ਤੇ ਮੈਂ ਉਸ ਦੀ ਸੇਵਾ ਕਿਉਂ ਨਾ ਝੋਲੀ ਵਿੱਚ ਪੁਆਵਾਂ। ਮਾਤਾ ਜੀ

ਆਪਣੀ ਸੱਸ ਨੂੰ ਕਹਿੰਦੇ ਹਨ, ਦੋ ਸੇਵਾ ਮੇਰੀ ਝੋਲੀ ਵਿੱਚ ਪਾ ਦਿਓ। ਇੱਕ ਮੈਂ ਤੁਹਾਨੂੰ ਹਰ ਰੋਜ਼ ਇਸ਼ਨਾਨ ਕਰਵਾਉਣਾ ਹੈ ਤੇ ਦੂਜੀ ਰਾਤੀਂ ਅੱਧਾ ਪੌਣਾ ਘੰਟਾ ਮੁੱਠੀ ਚਾਪੀ ਕਰਾਂਗੀ ਤੇ ਫਿਰ ਸੋਵਾਂਗੀ। ਪਹਿਲਾਂ ਆਪ ਜੀ ਦੀ ਸੇਵਾ। ਇਹ ਪਹਿਲਾ ਗੁਣ ਬੜਾ ਅਜੀਬ ਲੱਗਾ ਜਿਹੜਾ ਤੁਹਾਡੇ ਨਾਲ ਸਾਂਝਾ ਕੀਤਾ ਹੈ।

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

***(ਅੰਗ ੪੭੩)***

ਦੂਜੀ ਗੱਲ ਜੋ ਰਾਈਟਰਾਂ ਨੇ ਲਿਖੀ ਹੈ ਦਾਸ ਨੂੰ ਬੜੀ ਅਨੋਖੀ ਲੱਗੀ ਕਿ ਜਦੋਂ ਕਰਤਾਰਪੁਰ ਤੋਂ ਕੀਰਤਪੁਰ ਤੇ ਫਿਰ ਕੀਰਤਪੁਰ ਤੋਂ ਫਿਰ ਕਰਤਾਰਪੁਰ ਆਏ, ਕਰਤਾਰਪੁਰ ਮਾਤਾ ਨਾਨਕੀ ਜੀ ਨੇ ਆਪਣੇ ਸਪੁੱਤਰ ਧੰਨ ਗੁਰੂ ਤੇਗ ਬਹਾਦਰ ਜੀ ਨੂੰ ਸ਼ਸ਼ਤਰ ਵਿਦਿਆ ਸਿਖਾਉਣ ਤੇ ਨਿਪੁੰਨ ਕਰਨ ਵਿੱਚ ਪੂਰਾ ਜ਼ੋਰ ਲਗਾਇਆ, ਪੂਰਾ ਆਲਾ ਦੁਆਲਾ ਬਣਾਇਆ। ਕਿਉਂ ਬਣਾਇਆ? ਕਿਉਂਕਿ ਇਨ੍ਹਾਂ ਦੇ ਪਿਤਾ ਜੀ ਨੇ ਬਚਨ ਕੀਤਾ ਹੈ ਕਿ ਇਹ ਧਰਮ ਰੱਖਿਅਕ ਹੋਵੇਗਾ। ਸਾਰੇ ਸੰਸਾਰ ਦੇ ਪੜਦੇ ਕੱਜੇਗਾ ਤੇ ਜੋ ਉਨ੍ਹਾਂ ਦਾ ਬਚਨ ਪੂਰਾ ਕਰਨ ਲਈ ਸ਼ਸ਼ਤਰ ਵਿਦਿਆ ਸਿਖਾਉਣੀ ਹੈ। ਹੁਣ ਇੱਥੇ ਆ ਕੇ ਦਾਸ ਨੂੰ ਬਾਬਾ ਨੰਦ ਸਿੰਘ ਜੀ ਦਾ ਬਚਨ ਯਾਦ ਆ ਗਿਆ। ਇੱਕ ਹੁੰਦਾ ਹੈ, ਬਚਨ ਕਰ ਦਿੱਤਾ ਤੇ ਇੱਕ ਹੁੰਦਾ ਹੈ ਕਿ ਇਹ ਬਚਨ ਮੇਰੇ ਬੱਚੇ ਦੇ ਜੀਵਨ ਵਿੱਚ ਆ ਜਾਵੇ ਤੇ ਮਾਂ ਉਸ ਵਾਸਤੇ ਮਿਹਨਤ ਲਗਾ ਰਹੀ ਹੈ। ਬਾਬਾ ਜੀ ਦਾ ਬਚਨ ਸੀ, ਇਕੱਲੀ ਕਿਸਮਤ ਹੀ ਸਭ ਕੁਝ ਨਹੀਂ, ਉੱਦਮ ਵੀ ਜ਼ਰੂਰੀ ਹੈ। ਧਿਆਨ ਦੇਣਾ, ਕਈ ਕਿਸਮਤ ਤੇ ਹੀ ਸੁੱਟ ਦਿੰਦੇ ਹਨ, ਕਿਸਮਤ ਵਿੱਚ ਜੋ ਲਿਖਿਆ ਹੈ, ਮਿਲ ਹੀ ਜਾਣਾ ਹੈ। ਹੁਣ ਛੇਵੇਂ ਪਾਤਸ਼ਾਹ ਜੀ ਦਾ ਬਚਨ ਸੀ ਕਿ ਇਹ ਧਰਮ ਦੀ ਰੱਖਿਆ ਕਰੇਗਾ। ਮਾਤਾ ਨਾਨਕੀ ਜੀ ਸਭ ਕੁਝ ਸਿਖਾ ਰਹੇ ਹਨ ਕਿ ਜਿਹੜੀ ਚੀਜ਼ ਰੱਖਿਆ ਕਰਨ ਲਈ ਲੋੜ ਹੈ, ਉਸ ਵਿੱਚ ਬੱਚੇ ਨੂੰ ਪੂਰਾ ਕਰਨਾ ਹੈ। ਇਹ ਗੱਲ ਨੂੰ ਸਮਝਣਾ। ਇਹ ਬਾਬਾ ਜੀ ਦਾ ਬਚਨ ਹੈ, ਇਕੱਲੀ ਕਿਸਮਤ ਹੀ ਸਭ ਕੁਝ ਨਹੀਂ, ਉੱਦਮ ਵੀ ਜ਼ਰੂਰੀ ਹੈ।

ਜਿਹੜੀ ਚੌਥੀ ਜੰਗ ਹੋਈ ਹੈ, ਕਾਲੇ ਖਾਂ ਨਾਲ, ਕਰਤਾਰਪੁਰ ਕੋਲ। ਉਸ ਵਿੱਚ ਫਿਰ ਮਾਤਾ ਨਾਨਕੀ ਜੀ ਨੇ ਧੰਨ ਗੁਰੂ ਤੇਗ ਬਹਾਦਰ ਜੀ ਨੂੰ ਆਪ ਸ਼ਸ਼ਤਰ ਸਜਾਏ, ਨਿਪੁੰਨ ਵੀ ਕੀਤਾ ਸੀ ਤੇ ਛੇਵੇਂ ਪਾਤਸ਼ਾਹ ਜੀ ਦੇ ਸਾਹਮਣੇ ਆਪਣੇ ਪੁੱਤਰ ਨੂੰ ਲੈ ਕੇ ਆਏ। ਜਦੋਂ ਸਾਹਮਣੇ ਲੈ ਕੇ ਆਏ, ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਬੜੇ ਖੁਸ਼ ਹੋਏ। ਕਹਿੰਦੇ, ਇਹ ਤਿਆਗ ਮੱਲ ਨੂੰ ਕੁਝ ਸਿੱਖਾਂ ਦੀ ਫੌਜ ਦੀ ਟੁਕੜੀ ਦਾ ਮੁਖੀ ਥਾਪਦੇ ਹਾਂ ਤੇ ਪਹਿਲਾ ਨਾਂ ਤਿਆਗ ਮੱਲ ਤੇ ਚੌਥੀ ਜੰਗ ਵਿੱਚ ਇੱਕ ਟੁਕੜੀ ਦੇ ਮੁਖੀ ਬਣ ਕੇ ਹਿੱਸਾ ਵੀ ਲਿਆ, ਜੰਗ ਵੀ ਕੀਤੀ ਤੇ ਜਦੋਂ ਜੰਗ ਜਿੱਤ ਕੇ ਆਏ ਤੇ ਜੰਗ ਜਿੱਤਣ ਤੋਂ ਬਾਅਦ, ਯੁੱਧ ਜਿੱਤਣ ਤੋਂ ਬਾਅਦ ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਮੁੱਖ ਵਿੱਚੋਂ ਨਿਕਲਿਆ ਸੀ, ਇਸ ਬੱਚੇ ਦੀ ਇੰਨੀ ਬੀਰਤਾ ਹੈ, ਇਸ ਦਾ ਨਾਂ ਤਿਆਗ ਮੱਲ ਨਹੀਂ ਚਾਹੀਦਾ, ਤੇਗ ਬਹਾਦਰ ਚਾਹੀਦਾ ਹੈ। ਬੜੇ ਖੁਸ਼ ਹੋਏ ਮਾਤਾ ਨਾਨਕੀ ਜੀ ਕਿ ਪ੍ਰਸੰਨਤਾ ਮਿਲੀ ਹੈ। ਪਤੀ ਗੁਰੂ ਪਰਮੇਸ਼ਰ ਦੀ ਤੇ ਮਾਤਾ ਨਾਨਕੀ ਜੀ ਕਹਿਣ ਲੱਗੇ, ਛੇਵੇਂ ਪਾਤਸ਼ਾਹ ਜੀ ਨੂੰ ਕਿ ਇਸ ਦਾ ਨਾਂ ਬਦਲਾਇਆ ਹੈ, ਤੇਗ ਬਹਾਦਰ ਤੇ ਫਿਰ ਮੋਹਰ ਲਗਾ ਦਿਓ। ਮਹਾਰਾਜ ਜੀ ਨੇ ਮਾਤਾ ਨਾਨਕੀ ਜੀ ਨੂੰ ਮਾਣ ਦਿੱਤਾ। ਕਹਿੰਦੇ, ਹੁਣ ਜਿਹੜਾ ਤੇਗ ਬਹਾਦਰ ਨਾਂ ਰੱਖ ਦਿੱਤਾ ਹੈ, ਤਿਆਗ ਮੱਲ ਤੋਂ। ਪਹਿਲੀ ਵਾਰ ਤੁਹਾਡੇ ਮੁੱਖ ਵਿੱਚੋਂ ਨਿਕਲੇ ਤੇ ਮੋਹਰ ਲੱਗ ਜਾਵੇਗੀ। ਪਹਿਲੀ ਵਾਰ ਮਾਤਾ ਨਾਨਕੀ ਜੀ ਨੇ ਤੇਗ ਬਹਾਦਰ ਜੀ ਦਾ

ਨਾਂ ਤੇਗ ਬਹਾਦਰ ਕਹਿ ਕੇ ਆਪਣੇ ਮੁੱਖ ਵਿੱਚੋਂ ਲਿਆ। ਸਿਰਫ ਇਸ਼ਾਰਾ ਸਮਝਿਓ ਕਿ ਇਹ ਰਾਖੀ ਕਰੇਗਾ। ਉਸ ਵਿੱਚ ਨਿਪੁੰਨ ਕਰਨਾ, ਉਹ ਚੀਜ਼ ਸਿਖਾਉਂਦੀ, ਇਹ ਬੜੀ ਵੱਡੀ ਗੱਲ ਹੈ ਕਿ ਇਕੱਲੀ ਕਿਸਮਤ ਹੀ ਸਭ ਕੁਝ ਨਹੀਂ, ਉੱਦਮ ਵੀ ਜ਼ਰੂਰੀ ਹੈ, ਇਹ ਸੀ ਦੂਜਾ ਗੁਣ। ਇੱਕ ਵਾਰੀ ਪੜ੍ਹੋ ਪਿਆਰ ਨਾਲ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ਹੁਣ ਇੱਥੇ ਆ ਕੇ ਕਈ ਫੇਲ ਹੋ ਜਾਂਦੇ ਹਨ। ਤੀਜੀ ਗੱਲ, ਮਾਤਾ ਨਾਨਕੀ ਜੀ ਦੀ ਜਿਹੜੀ ਬੜੀ ਵਿਸ਼ੇਸ਼ ਹੈ। ਧੰਨ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਗੁਰਿਆਈ ਕਿਸ ਨੂੰ ਦਿੱਤੀ? ਆਪਣੇ ਪੋਤਰੇ ਧੰਨ ਗੁਰੂ ਹਰਿਰਾਇ ਸਾਹਿਬ ਜੀ ਨੂੰ। ਮਾਤਾ ਨਾਨਕੀ ਜੀ ਦੇ ਪੁੱਤਰ ਬਾਬਾ ਅਟੱਲ ਰਾਏ ਜੀ ਹਨ, ਉਹ ਚੌਲਾ ਬਦਲ ਗਏ ਹਨ ਤੇ ਫਿਰ ਧੰਨ ਗੁਰੂ ਤੇਗ ਬਹਾਦਰ ਜੀ ਹਨ। ਹੁਣ ਦੱਸੋ ਕਿ ਮਨ ਵਿੱਚ ਨਹੀਂ ਆਏਗਾ ਕਿ ਮੇਰਾ ਪੁੱਤਰ ਰਹਿ ਗਿਆ ਹੈ। ਇੱਥੇ ਸਿਰ ਝੁਕਦਾ ਹੈ। ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਜਦੋਂ ਧੰਨ ਗੁਰੂ ਹਰਿਰਾਇ ਸਾਹਿਬ ਜੀ ਨੂੰ ਗੁਰਿਆਈ ਦਿੱਤੀ ਤੇ ਇਸ ਮਾਤਾ ਨਾਨਕੀ ਜੀ ਨੇ ਵੀ ਨਮਸਕਾਰ ਕੀਤੀ, ਇਹ ਉਨ੍ਹਾਂ ਦਾ ਬੜਾ ਵੱਡਾ ਸਬਰ ਤੇ ਸੰਤੋਖ ਸੀ। ਇਹ ਤੀਜਾ ਗੁਣ ਕਿ ਜੋ ਉਨ੍ਹਾਂ ਨੇ ਮੋਹਰ ਲਗਾ ਦਿੱਤੀ, ਉਹ ਸਤਿ ਬਚਨ। ਤੇ ਮਾਤਾ ਨਾਨਕੀ ਜੀ ਨੇ ਇੰਨਾ ਹੀ ਕਿਹਾ, ਛੇਵੇਂ ਪਾਤਸ਼ਾਹ ਜੀ ਨੂੰ ਕਿ ਸਾਡੇ ਲਈ ਕੀ ਹੁਕਮ ਹੈ? ਹੁਣ ਗੁਰਗੱਦੀ ਉਨ੍ਹਾਂ ਨੂੰ ਦੇ ਦਿੱਤੀ ਹੈ, ਮੱਥਾ ਵੀ ਟੇਕ ਦਿੱਤਾ ਹੈ, ਸਬਰ ਸੰਤੋਖ ਇੰਨਾ। ਇੰਨਾ ਹੀ ਪੁੱਛਿਆ ਕਿ ਸਾਡੇ ਲਈ ਕੀ ਹੁਕਮ ਹੈ ਤੇ ਅੱਗੋਂ ਛੇਵੇਂ ਪਾਤਸ਼ਾਹ ਜੀ ਕਹਿੰਦੇ ਹਨ, ਬਕਾਲੇ ਚਲੇ ਜਾਣਾ। ਸਮਾਂ ਆਉਣ ਤੇ ਮਾਨਵਤਾ ਦੇ ਇਤਿਹਾਸ ਵਿੱਚ ਇਸ ਤੇਗ ਬਹਾਦਰ ਨੇ ਬਹੁਤ ਵੱਡਾ ਕੰਮ ਕਰਨਾ ਹੈ, ਉਹ ਜਿੰਨਾ ਵੱਡਾ ਕੰਮ ਕਰਨਾ ਹੈ, ਉਸ ਦੀ ਤਿਆਰੀ ਲਈ ਸਮਾਂ ਚਾਹੀਦਾ ਹੈ। ਉਸ ਦੀ ਤਿਆਰੀ ਵਿੱਚ ਇਸ ਬੱਚੇ ਨੂੰ ਸਹਿਯੋਗ ਦੇਣਾ। ਉਹ ਤਿਆਰੀ ਕਿਹੜੀ ਸੀ? ਬਾਬੇ ਬਕਾਲੇ 26 ਸਾਲ ਭੋਰੇ ਵਿੱਚ ਬੰਦਗੀ ਤੇ ਸਮਾਂ ਆਉਣਾ ਤੇ ਦਿੱਲੀ ਚਾਂਦਨੀ ਚੌਂਕ ਵਿੱਚ ਨੌਵੇਂ ਪਾਤਸ਼ਾਹ ਜੀ ਦੀ ਸ਼ਹੀਦੀ ਪੜ੍ਹੋ ਇਤਿਹਾਸ। ਬਾਬਾ ਬਕਾਲੇ ਤਕਰੀਬਨ 26 ਸਾਲ ਭੋਰਿਆਂ ਵਿੱਚ ਮਹਾਰਾਜ ਜੀ ਰਹੇ। ਉਹ ਭੋਰੇ ਦੇ ਬਾਹਰ ਕੌਣ ਸਨ? ਧੰਨ ਮਾਤਾ ਗੁਜਰ ਕੌਰ ਜੀ। ਚੌਥਾ ਗੁਣ ਲਿਖਿਆ ਹੈ ਕਿ ਜਿੰਨੀ ਆਈ ਗਈ ਸੰਗਤ ਇਹ ਮਾਤਾ ਨਾਨਕੀ ਜੀ ਨੇ ਆਪ ਸੰਭਾਲਣੀ ਤੇ ਨਾਲ ਗੁਰਮਤਿ ਦਾ ਪ੍ਰਚਾਰ ਕਰਨਾ।

ਤੁਸੀਂ ਹੈਰਾਨ ਹੋਵੋਗੇ, ਸਾਧ ਸੰਗਤ ਜੀ, ਇਹ ਮਾਤਾ ਨਾਨਕੀ ਜੀ ਨੇ ਤਕਰੀਬਨ 80 ਸਾਲ ਦੀ ਉਮਰ ਵਿੱਚ ਸਰੀਰ ਤਿਆਗਿਆ। ਧੰਨ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਉਪਰੰਤ ਜਦੋਂ ਭਾਈ ਜੈਤਾ ਜੀ ਸੀਸ ਲੈ ਕੇ ਆਏ ਤਾਂ ਉਹ ਸਾਰਾ ਸੀਨ ਮਾਤਾ ਨਾਨਕੀ ਜੀ ਨੇ ਆਪਣੀਂ ਅੱਖੀਂ ਵੇਖਿਆ ਤੇ ਜਦੋਂ ਸਾਰੇ ਰੁਦਨ ਕਰਨ ਲੱਗੇ ਤੇ ਮਾਤਾ ਨਾਨਕੀ ਜੀ ਕਹਿੰਦੇ, ਰੁਦਨ ਨਹੀਂ ਕਰਨਾ, ਇਹ ਅਖਾੜਾ ਜਿੱਤ ਕੇ ਗਿਆ ਹੈ, ਮੇਰਾ ਪੁੱਤਰ। ਗੁਰਬਾਣੀ ਦੇ ਸ਼ਬਦ ਪੜ੍ਹੋ। ਰੁਦਨ ਨਹੀਂ। ਉਸ ਤੋਂ ਤਿੰਨ ਸਾਲ ਬਾਅਦ ਮਾਤਾ ਨਾਨਕੀ ਜੀ ਨੇ ਸਰੀਰ ਤਿਆਗਿਆ। ਅੱਜ ਆਪ ਜੀ ਨੇ ਮਾਤਾ ਨਾਨਕੀ ਜੀ ਦਾ ਇਤਿਹਾਸ ਪੜ੍ਹਿਆ ਹੈ। ਆਓ ਜੀ ਇਹ ਪੰਕਤੀਆਂ ਪੜ੍ਹੀਏ ਤੇ ਫਿਰ ਸਮਾਪਤੀ ਹੈ:

***ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ ॥***

*(ਅੰਗ ੪੭੩)*

ooo



# ਜੀਵਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ
# ਆਪਿ ਮੁਕਤੁ ਮੁਕਤ ਕਰੈ ਸੰਸਾਰੁ ॥

*-ਭਾਈ ਅਮਰੀਕ ਸਿੰਘ ਗਨੈਸਕ*

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

ਰੱਬੀ ਹੁਕਮ ਵਿੱਚ ਸਮੇਂ-ਸਮੇਂ ਅਨੁਸਾਰ ਜੀਵਾਂ ਦੇ ਪ੍ਰਾਬਲਧ ਸੁੱਖ ਜਾਂ ਦੁੱਖ ਰੂਪ ਹੋ ਕੇ ਭੁਗਤਦੇ ਹਨ। ਸੰਤ-ਮਹਾਂਪੁਰਖ ਗੁਰਮੁਖ ਜਨ ਲੋਕਾਈ ਨੂੰ ਗੁਰ ਚਰਨਾਂ ਨਾਲ ਜੁੜਨ ਲਈ ਪ੍ਰੇਰਦੇ ਹਨ ਤਾਂ ਜੋ ਸੁੱਖ-ਦੁੱਖ ਦੇ ਚੱਕਰ ਅਤੇ ਆਵਾਗਉਣ ਤੋਂ ਬਰੀ ਹੋਇਆ ਜਾ ਸਕੇ।

ਸ੍ਰੀਮਾਨ ਸੰਤ ਬਾਬਾ ਈਸ਼ਰ ਸਿੰਘ ਜੀ ਕੀਰਤਨ ਅਤੇ ਰੂਹਾਨੀ ਬਚਨਾਂ ਦੁਆਰਾ ਗੁਰਮਤਿ ਦਾ ਪ੍ਰਚਾਰ ਕਰ ਰਹੇ ਸਨ। ਇੱਕ ਦਿਨ ਕਿਲ੍ਹਾ ਹਾਂਸ ਪਿੰਡ ਤੋਂ ਬਲਵੰਤ ਸਿੰਘ ਦਰਸ਼ਨ ਕਰਨ ਆਇਆ। "ਬਾਬਾ ਜੀ!" ਉਸਨੇ ਬੇਨਤੀ ਕੀਤੀ, "ਮੇਰੀ ਭੈਣ ਹੋਰਾਂ ਨੇ ਘਰ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣਾ ਹੈ। ਆਪ ਜੀ ਕਿਰਪਾ ਕਰੋ ਲਖਨਊ ਵਿਖੇ ਸਮਾਂ ਦਿਓ...।"

ਬਲਵੰਤ ਸਿੰਘ ਦੀ ਭੈਣ ਨਿਰੰਜਨ ਕੌਰ ਅਤੇ ਉਸਦਾ ਪਤੀ ਬਲਬੀਰ ਸਿੰਘ ਲਖਨਊ ਵਿਖੇ ਰਹਿ ਰਹੇ ਸਨ। ਬਲਬੀਰ ਸਿੰਘ ਰੇਲਵੇ ਵਿੱਚ ਅਧਿਕਾਰੀ ਸੀ। ਇਸ ਦੰਪਤੀ ਦੀ ਭਾਵਨਾ ਸੀ ਕਿ ਘਰ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਕਰਵਾਇਆ ਜਾਵੇ। ਬਾਬਾ ਜੀ ਸਮਾਂ ਦੇਣ, ਦੀਵਾਨ ਸਜਾਉਣ ਜਿਸ ਨਾਲ ਸੰਗਤ ਨੂੰ ਵੀ ਲਾਭ ਹੋਵੇ।

ਬਾਬਾ ਜੀ ਨੇ ਦੋ ਹਫਤਿਆਂ ਦਾ ਸਮਾਂ ਦੇ ਦਿੱਤਾ। ਬਲਵੰਤ ਸਿੰਘ ਨੇ ਲਖਨਊ ਤਾਰ ਕਰ ਦਿੱਤੀ। ਉਹਨੀਂ ਦਿਨੀਂ ਕੋਈ ਜ਼ਰੂਰੀ ਸੁਨੇਹਾ ਛੇਤੀ ਭੇਜਣਾ ਹੋਵੇ ਤਾਂ ਤਾਰ ਭਾਵ ਟੈਲੀਗ੍ਰਾਮ ਰਾਹੀਂ ਭੇਜਿਆ ਜਾਂਦਾ ਸੀ। ਤਾਰ ਮਿਲਦੇ ਹੀ ਬਲਬੀਰ ਸਿੰਘ ਜੀ ਨੇ ਕਲਕੱਤਾ ਮੇਲ ਵਿੱਚ ਇੱਕ ਪੂਰਾ ਡੱਬਾ ਹੀ ਬੁੱਕ ਕਰਵਾ ਦਿੱਤਾ।

ਕਲਕੱਤਾ ਮੇਲ ਦਾ ਲੁਧਿਆਣਾ ਤੋਂ ਤੁਰਨ ਦਾ ਸਮਾਂ ਰਾਤ ਦੇ ਦਸ ਵਜੇ ਦਾ ਸੀ। ਬਾਬਾ ਜੀ ਨੀਯਤ ਸਮੇਂ ਤੇ ਬਿਹੰਗਮਾਂ ਸਮੇਤ ਲੁਧਿਆਣਾ ਸਟੇਸ਼ਨ 'ਤੇ ਪਹੁੰਚ ਗਏ। ਟ੍ਰੇਨ ਆਈ ਤਾਂ ਆਪ ਜੀ ਜੱਥੇ ਸਮੇਤ ਰਿਜ਼ਰਵ ਡੱਬੇ ਵਿੱਚ ਸਵਾਰ ਹੋ ਗਏ। ਗੱਡੀ ਸਮੇਂ ਸਿਰ ਤੁਰ ਪਈ।

ਅਗਲੀ ਸਵੇਰ ਟ੍ਰੇਨ ਕਿਸੇ ਸਟੇਸ਼ਨ ਤੇ ਰੁਕੀ ਤਾਂ ਕੁਝ ਸਰੀਰ ਸਟੇਸ਼ਨ ਤੇ ਉੱਤਰ ਕੇ ਆਪਣੇ ਅਤੇ ਆਪਣੇ ਨਾਲ ਦਿਆਂ ਲਈ ਕੁਝ ਛਕਣ ਛਕਾਉਣ ਲਈ ਲੈਣ ਲੱਗੇ। ਇੱਕ ਹਿੰਦੂ ਨੌਜਵਾਨ ਜੋ ਟ੍ਰੇਨ ਦੇ ਹੀ ਕਿਸੇ ਹੋਰ ਡੱਬੇ ਵਿੱਚੋਂ ਉਤਰਿਆ ਸੀ, ਬਾਬਾ ਜੀ ਵਾਲੇ ਡੱਬੇ ਦੇ ਕੋਲ ਦੀ ਲੰਘਣ ਲੱਗਾ ਤਾਂ ਉਸਨੂੰ ਖਿੜਕੀ ਵਿੱਚੋਂ ਬਾਬਾ ਜੀ ਦੇ ਦਰਸ਼ਨ ਹੋਏ। ਮਨ ਮੋਹਿਆ ਗਿਆ। ਬੜੀ ਖਿੱਚ ਪਵੇ ਕਿ ਕੋਲ ਜਾ ਕੇ ਦਰਸ਼ਨ ਕੀਤੇ ਜਾਣ। ਕੋਈ ਅਗੰਮੀ ਖਿੱਚ ਪੈ ਰਹੀ ਸੀ। ਉਸਨੇ ਦੇਖਿਆ ਕਿ ਡੱਬੇ ਵਿੱਚ ਸਾਰੇ ਸਿੰਘਾਂ ਨੇ ਚਿੱਟੇ ਬਸਤਰ ਪਾਏ ਹਨ। ਇੰਨੇ ਨੂੰ ਬਲਵੰਤ ਸਿੰਘ ਜੋ ਬਾਬਾ ਜੀ ਦੇ ਨਾਲ ਹੀ ਲਖਨਊ ਜਾ ਰਿਹਾ ਸੀ, ਡੱਬੇ ਵਿੱਚੋਂ ਉਤਰਿਆ।

"ਇਹ ਜੋ ਸਾਹਮਣੇ ਬੈਠੇ ਹਨ, ਕੌਣ ਹਨ?" ਉਸ ਨੌਜਵਾਨ ਨੇ ਬਲਵੰਤ ਸਿੰਘ ਨੂੰ ਬਾਬਾ ਜੀ ਵਾਲੇ ਡੱਬੇ ਵਿੱਚੋਂ ਉੱਤਰਦੇ ਦੇਖ ਪੁੱਛਿਆ।

"ਇਹ ਹੋਤੀ ਮਰਦਾਨ ਸੰਪਰਦਾ ਵਿੱਚੋਂ ਪੂਰਨ ਰਾਜ ਜੋਗੀ, ਰਾੜਾ ਸਾਹਿਬ ਵਾਲੇ ਮਹਾਂਪੁਰਖ ਹਨ।" ਬਲਵੰਤ ਸਿੰਘ ਨੇ ਬੜੇ ਪ੍ਰੇਮ ਨਾਲ ਦੱਸਿਆ। ਉਹ ਨੌਜਵਾਨ ਝੱਟ ਆਪਣੀ ਪਤਨੀ ਨੂੰ ਨਾਲ ਲੈ ਕੇ ਪ੍ਰਸ਼ਾਦਿ ਵਜੋਂ ਫਲ ਲੈ ਕੇ ਬਾਬਾ ਜੀ ਦੇ ਦਰਸ਼ਨਾਂ ਲਈ ਆ ਗਿਆ।

"ਆਓ ਭਾਈ! ਸੁਖ ਅਨੰਦ ਦਸੋ।" ਬਾਬਾ ਜੀ ਨੇ ਬਚਨ ਕੀਤਾ। "ਆਪ ਜੀ ਦੀ ਕ੍ਰਿਪਾ ਹੈ ਬਾਬਾ ਜੀ!" ਨੌਜਵਾਨ ਨੇ ਕਿਹਾ।

"ਕਿੱਥੋਂ ਦੇ ਰਹਿਣ ਵਾਲੇ ਹੋ?" ਮਹਾਂਪੁਰਖਾਂ ਨੇ ਪੁੱਛਿਆ। "ਬਾਬਾ ਜੀ! ਰਹਿਣ ਵਾਲੇ ਤਾਂ ਹੋਤੀ ਦੇ ਹਾਂ..... ਬਾਬਾ ਕਰਮ ਸਿੰਘ ਜੀ ਦੇ ਪਾਵਨ ਅਸਥਾਨ ਮਰਦਾਨ ਵਿਖੇ ਵੀ ਦਰਸ਼ਨ ਕਰਦੇ ਸਾਂ ਪਰ ਪਾਕਿਸਤਾਨ ਬਣ ਜਾਣ ਕਰਕੇ ਇੱਧਰ ਆਉਣਾ ਪਿਆ। ਬਾਬਾ ਕਰਮ ਸਿੰਘ ਜੀ ਦੇ ਅਸਥਾਨ ਤੋਂ ਵੀ ਵਿਛੋੜਾ ਪੈ ਗਿਆ।" ਆਖਦਿਆਂ ਨੌਜਵਾਨ ਦੇ ਨੇਤਰਾਂ ਵਿੱਚ ਜਲ ਆ ਗਿਆ। ਦੇਸ਼ ਵੰਡ ਨੇ ਬਹੁਤ ਨੁਕਸਾਨ ਕੀਤਾ ਸੀ। ਹਿਰਦਿਆਂ 'ਤੇ ਡੂੰਘੇ ਜ਼ਖ਼ਮ ਦਿੱਤੇ ਸਨ।

ਮਹਾਂਪੁਰਖਾਂ ਨੇ ਉਨ੍ਹਾਂ ਨੂੰ ਹੌਂਸਲਾ ਦਿੱਤਾ। ਆਪ ਜੀ ਦੇ ਮਿੱਠੇ ਬੋਲ ਉਨ੍ਹਾਂ ਦੇ ਹਿਰਦਿਆਂ ਵਿੱਚ ਉੱਤਰ ਗਏ।

"ਬਾਬਾ ਜੀ! ਆਪ ਜੀ ਕਿਰਪਾ ਕਰੋ। ਜੀਵਨ ਜੁਗਤੀ ਦੱਸਣਾ ਕਰੋ।" ਨੌਜਵਾਨ ਨੇ ਸਮਾਂ ਸੰਭਾਲਦਿਆਂ ਬੇਨਤੀ ਕੀਤੀ।

"ਵੇਖੋ ਭਾਈ! ਇਹ ਮਨੁੱਖਾ ਜਨਮ ਅਮੋਲਕ ਅਤੇ ਦੁਰਲੱਭ ਹੈ, ਵੱਡੇ ਭਾਗਾਂ ਨਾਲ ਪ੍ਰਾਪਤ ਹੋਇਆ ਹੈ। ਜੋ ਸਵਾਸ ਇੱਕ ਵਾਰ ਨਿਕਲ ਗਿਆ ਮੁੜ ਕੇ ਹੱਥ ਨਹੀਂ ਆਉਂਦਾ। ਸਵਾਸਾਂ ਦੀ ਪੂੰਜੀ ਘੱਟਦੀ ਤੁਰੀ ਜਾ ਰਹੀ ਹੈ। ਸਮੇਂ ਨੂੰ ਰੋਕਿਆ ਨਹੀਂ ਜਾ ਸਕਦਾ ਪਰ ਹਾਂ, ਸਫਲਾ ਕਰਨਾ ਹੈ। ਜਿਸਦੀ ਕਿਰਪਾ ਨਾਲ ਇਹ ਦੇਹੀ ਪ੍ਰਾਪਤ ਹੋਈ ਹੈ, ਜੋ ਰੋਜ਼ੀ ਦਿੰਦਾ ਹੈ, ਹਰ ਪਲ ਸੰਭਾਲ ਕਰਦਾ ਹੈ, ਉਸਦੀ ਯਾਦ ਹਿਰਦੇ ਵਿੱਚ ਵਸਾਉਣੀ ਹੈ। ਉਸਦੇ ਸਿਮਰਨ ਵਿੱਚ ਸਵਾਸ ਸਫਲੇ ਕਰਨੇ ਹਨ।" ਮਹਾਂਪੁਰਖਾਂ ਨੇ ਬਚਨ ਕਰਦਿਆਂ ਉਸ ਦੰਪਤੀ ਦੇ ਆਸ਼ੇ ਅਨੁਸਾਰ ਪ੍ਰਮਾਣ ਵੀ ਦਿੱਤੇ ਅਤੇ ਸਾਧਨ ਦੀਆਂ ਜੁਗਤੀਆਂ ਵੀ ਦੱਸੀਆਂ।

ਮਹਾਂਪੁਰਖਾਂ ਦੇ ਬਚਨ ਸਰਵਣ ਕਰਕੇ ਉਨ੍ਹਾਂ ਦੇ ਹਿਰਦਿਆਂ ਨੂੰ ਅਸੀਮ ਸ਼ਾਂਤੀ ਮਹਿਸੂਸ ਹੋਈ। ਇੰਨੇ ਨੂੰ ਟ੍ਰੇਨ ਦੇ ਤੁਰਨ ਦਾ ਸਮਾਂ ਹੋ ਗਿਆ। ਉਨ੍ਹਾਂ ਦਾ ਜਾਣ ਨੂੰ ਮਨ ਨਹੀਂ ਸੀ ਕਰ ਰਿਹਾ, ਪਰ ਮਜਬੂਰੀ ਵਿੱਚ ਉਨ੍ਹਾਂ ਨੂੰ ਆਪਣੇ ਡੱਬੇ ਵਿੱਚ ਜਾਣਾ ਪਿਆ। ਇਸ ਗੱਲ ਦੀ ਉਨ੍ਹਾਂ ਨੂੰ ਖੁਸ਼ੀ ਸੀ ਕਿ ਜੋ ਵੱਡਾ ਘਾਟਾ ਉਨ੍ਹਾਂ ਨੂੰ ਦੇਸ਼ ਵੰਡ ਕਾਰਨ ਪਿਆ ਸੀ, ਉਹ ਅੱਜ ਪੂਰਾ ਹੋ ਗਿਆ ਸੀ।

***ਰੱਬਾ ਤੇਰੀਆਂ ਰਹਿਮਤਾਂ ਦਾ, ਆਵੇ ਨਾ ਕੋਈ ਅੰਤ।***
***ਹਿਰਦੇ ਤਪਦੇ ਨੂੰ ਠਾਰ ਦਿੱਤਾ, ਤੂੰ ਰੂਪ ਧਾਰ ਕੇ ਸੰਤ।***

ਲਖਨਊ ਸ਼ਹਿਰ ਬਾਰੇ ਦੱਸਿਆ ਜਾਂਦਾ ਹੈ ਕਿ ਇਸਨੂੰ ਤ੍ਰੇਤਾ ਯੁੱਗ ਵਿੱਚ ਲਛਮਣ ਜੀ ਨੇ ਵਸਾਇਆ ਸੀ। ਉਸ ਵੇਲੇ ਇਸਦਾ ਨਾਮ ਲਛਮਣਪੁਰ ਸੀ। ਲਖਨਊ ਸ਼ਹਿਰ ਅਵਧ ਦੀ ਰਾਜਧਾਨੀ ਵੀ ਰਿਹਾ ਹੈ। ਭਾਵੇਂ ਕਿ ਅਵਧ ਦੇ ਨਵਾਬਾਂ ਦੇ ਕਈ ਇਤਿਹਾਸਿਕ ਪਹਿਲੂ ਹਨ, ਪਰ ਇਨ੍ਹਾਂ ਵਿੱਚ ਸ਼ਹਾਦਤ ਖਾਂ ਵਰਗੇ ਧਰਮੀਂ ਨਵਾਬ

*—ਬਾਕੀ ਹਿੱਸਾ ਪੰਨਾ 34 'ਤੇ ਪੜ੍ਹੋ ਜੀ*

ਸਵਾਲ ਜਵਾਬ

# ਜ਼ਿੰਦਗੀ ਦੀਆਂ ਬਰੀਕੀਆਂ

ਸਤਿਗੁਰੂ ਜੀ ਦੀ ਕ੍ਰਿਪਾ ਅਤੇ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀ ਪ੍ਰੇਰਨਾ ਨਾਲ ਜ਼ਿੰਦਗੀ ਦੀਆਂ ਬਰੀਕੀਆਂ ਕਾਲਮ 'ਸਿਫਤਿ ਸਾਲਾਹ ਰਸਾਲੇ' ਵਿੱਚ ਪਿਛਲੇ ਕਈ ਸਾਲਾਂ ਤੋਂ ਪ੍ਰਕਾਸ਼ਿਤ ਹੋ ਰਿਹਾ ਹੈ। ਇਸ ਕਾਲਮ ਵਿੱਚ ਸੰਗਤਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇਂ-ਸਮੇਂ ਤੇ ਪੁੱਛੇ ਜਾਂਦੇ ਸਵਾਲਾਂ ਦੇ ਜਵਾਬ ਦਿੱਤੇ ਜਾਂਦੇ ਹਨ। ਇਸੇ ਕਾਲਮ ਦੀ ਲੜੀ ਨੂੰ ਅੱਗੇ ਤੋਰਦਿਆਂ ਹੱਥਲੇ ਅੰਕ ਤੋਂ ਭਾਈ ਸਾਹਿਬ ਜੀ ਦੇ ਕੀਰਤਨ ਦੇ ਉਨ੍ਹਾਂ ਅੰਸ਼ਾਂ ਨੂੰ ਸਵਾਲ-ਜਵਾਬ ਦੇ ਰੂਪ ਵਿੱਚ ਹੂ-ਬ-ਹੂ ਪ੍ਰਕਾਸ਼ਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਵਿੱਚ ਭਾਈ ਸਾਹਿਬ ਜੀ ਕੀਰਤਨ ਕਰਦਿਆਂ ਸੰਗਤਾਂ ਨੂੰ ਆਮ ਪੇਸ਼ ਆਉਂਦੀਆਂ ਦੁਨਿਆਵੀਂ ਤੇ ਅਧਿਆਤਮਿਕ ਸਮੱਸਿਆਵਾਂ ਦਾ ਗੁਰਮਤਿ ਅਨੁਸਾਰ ਸਮਾਧਾਨ ਕਰਨ ਦੀ ਪ੍ਰੇਰਨਾ ਦਿੰਦੇ ਹਨ।

**1. ਸਵਾਲ: ਸਤਿਕਾਰਯੋਗ ਵੀਰ ਜੀ, ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਜਦੋਂ ਵੀ ਆਪਣੇ ਸਿੱਖ 'ਤੇ ਖੁਸ਼ ਹੁੰਦੇ ਹਨ ਤਾਂ ਇਸ ਦੀ ਕੀ ਨਿਸ਼ਾਨੀ ਹੁੰਦੀ ਹੈ?**

**ਜਵਾਬ:** ਜਦੋਂ ਵੀ ਤੁਹਾਡਾ ਕਿਸੇ ਨਾਮ ਜਪਣ ਵਾਲੇ ਗੁਰਸਿੱਖ ਨਾਲ ਮੇਲ ਹੋਵੇ ਜਾਂ ਤੁਹਾਨੂੰ ਸਤਿਸੰਗਤ ਦੀਆਂ ਘੜੀਆਂ ਨਸੀਬ ਹੋ ਜਾਣ ਜਾਂ ਤੁਹਾਡੇ ਘਰ ਸੰਗਤ ਦੇ ਚਰਨ ਪੈ ਜਾਣ ਤਾਂ ਸਮਝ ਲਵੋ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੁਹਾਡੇ ਤੇ ਖੁਸ਼ ਹਨ। ਪਵਿੱਤਰ ਗੁਰਬਾਣੀ ਦਾ ਵੀ ਫ਼ਰਮਾਨ ਹੈ:

*ਜਿਨ ਕਉ ਕ੍ਰਿਪਾ ਕਰਤ ਹੈ ਗੋਬਿਦੁ*
*ਤੇ ਸਤਸੰਗਿ ਮਿਲਾਤ ॥੩॥*

*(ਅੰਗ ੧੨੫੨)*

ooo

**2. ਸਵਾਲ: ਸਤਿਕਾਰਯੋਗ ਵੀਰ ਜੀ, ਸਾਨੂੰ ਕਿੰਨੀ ਦੇਰ ਨਾਮ ਜਪਣਾ ਚਾਹੀਦਾ ਹੈ?**

**ਜਵਾਬ:** ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ ਕਿ ਮਨੁੱਖ ਧਰਤੀ 'ਤੇ ਆਇਆ ਹੀ ਨਾਮ ਜਪਣ ਲਈ ਹੈ। ਸਤਿਗੁਰੂ ਜੀ ਬਾਣੀ ਵਿੱਚ ਫ਼ਰਮਾਨ ਕਰਦੇ ਹਨ:

*ਸਾਸਿ ਸਾਸਿ ਸਿਮਰਹੁ ਗੋਬਿੰਦ ॥*

*(ਅੰਗ ੨੯੫)*

ਇਸ ਕਰਕੇ ਸਾਨੂੰ ਨਾਮ ਜਪਦੇ ਰਹਿਣਾ ਚਾਹੀਦਾ ਹੈ। ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਸਾਰਾ ਸਮਾਂ ਨਾਮ-ਬੰਦਗੀ ਦੇ ਪਹਿਰੇ ਵਿੱਚ ਹੀ ਬਤੀਤ ਕਰੀਏ। ਜੇ ਇੱਕ ਜਗ੍ਹਾ ਟਿਕ ਕੇ ਬੈਠਣ ਨਾਲ ਮਨ ਕਾਹਲਾ ਪਵੇ ਤਾਂ ਢੰਗ ਬਦਲਾਈ ਜਾਈਏ ਪਰ ਨਾਮ ਜਪਣਾ ਨਾ ਛੱਡੀਏ। ਭਾਈ ਵੀਰ ਸਿੰਘ ਜੀ ਨੇ ਨਾਮ ਜਪਣ ਲਈ ਕਿੰਨੇ ਹੀ ਸਾਧਨ ਬਣਾਏ ਹੋਏ ਸਨ। ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਹੁਕਮ ਕਰਦੇ ਹਨ:

*ਦਿਨੁ ਰਾਤੀ ਆਰਾਧਹੁ ਪਿਆਰੋ ਨਿਮਖ ਨ ਕੀਜੈ ਢੀਲਾ ॥*

*(ਅੰਗ ੪੯੮)*

*ਊਠਤ ਬੈਠਤ ਸੋਵਤ ਜਾਗਤ ਇਹੁ ਮਨੁ ਤੁਝਹਿ ਚਿਤਾਰੈ ॥*

*(ਅੰਗ ੮੨੦)*

ਸਾਨੂੰ ਆਪਣੇ ਆਪ ਨੂੰ ਚੈੱਕ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਪੰਕਤੀਆਂ ਤੋਂ ਕਿੰਨੀ ਕੁ ਦੂਰ ਹਾਂ। ਜੇਕਰ ਦੂਰ ਹਾਂ ਤਾਂ ਆਪਣੇ ਨਿਤਨੇਮ ਤੋਂ ਇਲਾਵਾ ਜਪੁ ਜੀ ਸਾਹਿਬ ਦਾ ਇੱਕ ਪਾਠ ਵਧਾ ਕੇ ਸਤਿਗੁਰੂ ਜੀ ਦੇ ਚਰਨਾਂ ਵਿੱਚ ਜੋਦੜੀ ਕਰੀਏ

ਕਿ ਹੇ ਸਤਿਗੁਰੂ ਜੀ! ਇਨ੍ਹਾਂ ਪੰਕਤੀਆਂ 'ਤੇ ਚੱਲਣ ਦਾ ਸਾਨੂੰ ਬਲ ਤੇ ਉੱਦਮ ਬਖ਼ਸ਼ੋ ਜੀ। ਬਾਕੀ ਢਾਈ ਘੰਟੇ ਘੱਟ ਤੋਂ ਘੱਟ ਗੁਰਬਾਣੀ ਤੇ ਸਿਮਰਨ ਦਾ ਨੇਮ ਹੋਣਾ ਹਰ ਸਿੱਖ ਲਈ ਜ਼ਰੂਰੀ ਹੈ। ਢਾਈ ਘੰਟੇ ਦੇ ਨੇਮ ਤੋਂ ਇਲਾਵਾ ਦਿਨੇ ਕੰਮ-ਕਾਰ ਕਰਦਿਆਂ ਇਸ ਤਰ੍ਹਾਂ ਜੀਵਨ ਬਤੀਤ ਕਰੀਏ ਜਿਵੇਂ ਸਤਿਗੁਰੂ ਜੀ ਦਾ ਫ਼ਰਮਾਨ ਹੈ:

***ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ ॥***
***ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥੨੧੩॥***

*(ਅੰਗ ੧੩੭੫-੭੬)*

ooo

**3. ਸਵਾਲ: ਸਤਿਕਾਰਯੋਗ ਵੀਰ ਜੀ, ਨਾਮ ਜਪਣ ਤੋਂ ਬਾਅਦ ਨਾਮ ਸੰਭਾਲਣਾ ਕਿਵੇਂ ਹੈ? ਸੁਮੱਤ ਦਿਓ।**

**ਜਵਾਬ:** ਸਭ ਤੋਂ ਵੱਡੀ ਗੱਲ ਹੈ, ਕਿਸੇ ਦਾ ਦਿਲ ਕਦੀ ਵੀ ਨਹੀਂ ਦੁਖਾਉਣਾ ਚਾਹੀਦਾ। ਬਾਬਾ ਫਰੀਦ ਜੀ ਆਪਣੀ ਬਾਣੀ ਵਿੱਚ ਕਹਿੰਦੇ ਹਨ ਜੇ ਤੈਨੂੰ ਰੱਬ ਨਾਲ ਮਿਲਣ ਦਾ ਸ਼ੌਂਕ ਹੈ ਤਾਂ ਕਿਸੇ ਦਾ ਦਿਲ ਨਾ ਦੁਖਾਈਂ:

***ਜੇ ਤਉ ਪਿਰੀਆ ਦੀ ਸਿਕ ਹਿਆਉ***
***ਨ ਠਾਹੇ ਕਹੀ ਦਾ ॥੧੩੦॥***

*(ਅੰਗ ੧੩੮੪)*

ਕਿਸੇ ਦਾ ਦਿਲ ਦੁਖਾਉਣਾ ਆਪਣੇ ਪੁੰਨ ਸਾੜ ਲੈਣਾ ਹੈ। ਜਿਸ ਤਰ੍ਹਾਂ ਟਿਊਬਵੈੱਲ ਵਿੱਚੋਂ ਪਾਣੀ ਬਹੁਤ ਸਪੀਡ ਨਾਲ ਨਿਕਲਦਾ ਹੈ, ਉਸੀ ਤਰ੍ਹਾਂ ਜਦ ਤੁਸੀਂ ਕਿਸੇ ਦਾ ਦਿਲ ਦੁਖਾਉਂਦੇ ਹੋ ਤਾਂ ਤੁਹਾਡੇ ਪੁੰਨ ਵੀ ਤੇਜ਼ ਪਾਣੀ ਦੇ ਵਾਂਗ ਡੁੱਲ੍ਹਦੇ ਜਾਂਦੇ ਹਨ। ਇਸ ਤੋਂ ਇਲਾਵਾ ਜੇਕਰ ਵਾਹਿਗੁਰੂ ਜੀ ਨੇ ਤੁਹਾਨੂੰ ਸਤਿਸੰਗਤ ਦੀਆਂ ਘੜੀਆਂ ਬਖ਼ਸ਼ਿਸ਼ ਕੀਤੀਆਂ ਹਨ ਤਾਂ ਸੰਗਤ ਕਰਨ ਉਪਰੰਤ ਘਰ ਜਾ ਕੇ ਜਪੁ ਜੀ ਸਾਹਿਬ ਦੀਆਂ ਪੰਜ ਪਉੜੀਆਂ ਦਾ ਪਾਠ ਕਰਕੇ ਗੁਰੂ ਸਾਹਿਬ ਦਾ ਸ਼ੁਕਰਾਨਾ ਕਰੋ ਕਿ ਤੁਸੀਂ ਕਿਰਪਾ ਕਰਕੇ ਸਤਿਸੰਗਤ ਦੀਆਂ ਘੜੀਆਂ ਨਸੀਬ ਕਰਵਾਈਆਂ ਹਨ। ਇਸ ਤਰ੍ਹਾਂ ਕਰਨ ਨਾਲ ਕਮਾਈ ਸੰਭਾਲੀ ਜਾਵੇਗੀ ਤੇ ਤੁਹਾਡੀਆਂ ਇਹ ਘੜੀਆਂ ਦਰਗਾਹ ਵਿੱਚ ਜਮ੍ਹਾਂ ਹੋ ਜਾਣਗੀਆਂ।

ਆਮ ਤੌਰ 'ਤੇ ਕੀਰਤਨੀਏ ਨੂੰ ਹਉਮੈ ਆਉਣ ਦਾ ਬਹੁਤ ਜਲਦੀ ਡਰ ਹੁੰਦਾ ਹੈ। ਇਸ ਕਰਕੇ ਹਰ ਕੀਰਤਨੀਆ ਯਤਨ ਕਰੇ ਕਿ ਕੀਰਤਨ ਕਰਨ ਤੋਂ ਪਹਿਲਾਂ ਜਪੁ ਜੀ ਸਾਹਿਬ ਦਾ ਪਾਠ ਕਰਕੇ ਕੀਰਤਨ ਕਰਨ ਬੈਠੇ। ਅਜਿਹਾ ਕਰਨ ਨਾਲ ਰਸ ਬਣ ਜਾਵੇਗਾ ਅਤੇ ਇਸੇ ਤਰ੍ਹਾਂ ਕੀਰਤਨ ਕਰਨ ਉਪਰੰਤ ਜਪੁ ਜੀ ਸਾਹਿਬ ਦਾ ਪਾਠ ਕਰਕੇ ਸ਼ੁਕਰਾਨਾ ਕੀਤਾ ਜਾਵੇ। ਅਜਿਹਾ ਕਰਨ ਨਾਲ ਕੀਤਾ ਹੋਇਆ ਕੀਰਤਨ ਭਗਤੀ ਬਣ ਜਾਵੇਗਾ। ਜੇਕਰ ਅਸੀਂ ਆਮ ਜ਼ਿੰਦਗੀ ਵਿੱਚ ਵੀ ਅਜਿਹਾ ਕਰਦੇ ਜਾਈਏ ਕਿ ਹਰ ਕੰਮ ਕਰਨ ਤੋਂ ਪਹਿਲਾਂ ਬਾਣੀ ਪੜ੍ਹ ਕੇ ਅਰਦਾਸ ਕਰੀਏ ਤੇ ਕੰਮ ਹੋਣ ਤੋਂ ਬਾਅਦ ਵੀ ਬਾਣੀ ਪੜ੍ਹ ਕੇ ਸ਼ੁਕਰਾਨਾ ਕਰੀਏ ਤਾਂ ਅਜਿਹਾ ਕਰਨ ਨਾਲ ਇੱਕ ਤਾਂ ਗੁਰੂ ਸਾਹਿਬ ਦੀ ਸਾਡੇ ਹਰ ਕੰਮ ਵਿੱਚ ਕ੍ਰਿਪਾ ਵਰਤੇਗੀ ਤੇ ਦੂਜਾ ਨਾਮ ਦੀ ਸੰਭਾਲ ਵੀ ਹੁੰਦੀ ਜਾਵੇਗੀ।

ooo

**4. ਸਵਾਲ: ਸਤਿਕਾਰਯੋਗ ਵੀਰ ਜੀ, ਉਹ ਕਿਹੜੀ ਦੁਕਾਨ ਹੈ ਜਿੱਥੋਂ ਮੈਨੂੰ ਗੁਰੂ ਦੇ ਪ੍ਰੇਮ ਦੀ ਦਾਤ ਮਿਲ ਸਕੇ?**

**ਜਵਾਬ:** ਉਸ ਦੁਕਾਨ ਦਾ ਨਾਂ ਹੈ ਸਾਧਸੰਗਤ। ਪਵਿੱਤਰ ਗੁਰਬਾਣੀ ਦਾ ਫ਼ਰਮਾਨ ਹੈ:

***ਸਾਧਸੰਗਤਿ ਬਿਨਾ ਭਾਉ ਨਹੀ ਊਪਜੈ***
***ਭਾਵ ਬਿਨੁ ਭਗਤਿ ਨਹੀ ਹੋਇ ਤੇਰੀ ॥***

*(ਅੰਗ ੬੯੪)*

ਜਦ ਤੱਕ ਤੁਹਾਨੂੰ ਸੰਗਤ ਨਹੀਂ ਮਿਲੀ ਤਦ ਤੱਕ ਪ੍ਰੇਮ ਨਹੀਂ ਮਿਲੇਗਾ। ਇੱਥੇ ਕੱਚੀ ਵੀ ਪੱਕਦੀ ਹੈ ਅਤੇ ਪੱਕੀ ਵੀ ਪੱਕਦੀ ਹੈ। ਜੋ ਕੱਚੀ ਵਿੱਚ ਹੈ, ਉਹ ਉਪਦੇਸ਼ ਲੈਂਦਾ ਹੈ ਤੇ ਜੋ ਪੱਕੀ ਵਿੱਚ ਹੈ, ਉਹ ਨਾਮ ਦਾ ਰਸ ਲੈਂਦਾ ਹੈ।

ooo

5. **ਸਵਾਲ: ਸਤਿਕਾਰਯੋਗ ਵੀਰ ਜੀ, ਸਿੱਖ ਦਾ ਰੋਜ਼ਾਨਾ ਨਿਤਨੇਮ ਕਿਤਨਾ ਹੋਣਾ ਚਾਹੀਦਾ ਹੈ?**

**ਜਵਾਬ:** ਕੁਝ ਪੁਰਾਤਨ ਗੁਰ ਇਤਿਹਾਸ ਦੀ ਖੋਜ ਅਤੇ ਮਹਾਂਪੁਰਸ਼ਾਂ ਦੇ ਬਚਨਾਂ ਅਨੁਸਾਰ ਆਮ ਜਗਿਆਸੂ ਨੂੰ 24 ਘੰਟਿਆਂ ਵਿੱਚੋਂ ਢਾਈ ਘੰਟੇ ਸਮਾਂ ਜ਼ਰੂਰ ਗੁਰੂ ਦੇ ਲੇਖੇ ਲਗਾਉਣਾ ਚਾਹੀਦਾ ਹੈ। ਬਾਕੀ ਇਨ੍ਹਾਂ ਢਾਈ ਘੰਟਿਆਂ ਵਿੱਚੋਂ ਅੰਮ੍ਰਿਤ ਵੇਲੇ ਕਿੰਨਾ ਨੇਮ ਹੋਣਾ ਚਾਹੀਦਾ ਹੈ? ਇਸ ਬਾਰੇ ਧੰਨ ਸ੍ਰੀ ਗੁਰੂ ਅਮਰਦਾਸ ਜੀ ਦੇ ਇਤਿਹਾਸ ਵਿੱਚੋਂ ਜ਼ਿਕਰ ਮਿਲਦਾ ਹੈ ਕਿ ਕੁਝ ਸਿੱਖਾਂ ਨੇ ਮਹਾਰਾਜ ਜੀ ਨੂੰ ਸਵਾਲ ਪੁੱਛਿਆ ਸੀ ਕਿ ਸਿੱਖ ਲਈ ਅੰਮ੍ਰਿਤ ਵੇਲੇ ਕਿੰਨਾ ਸਮਾਂ ਨਿਤਨੇਮ ਲਈ ਜ਼ਰੂਰੀ ਹੈ ਤਾਂ ਮਹਾਰਾਜ ਜੀ ਨੇ ਇੱਕ ਬੇੜੀ ਦੀ ਮਿਸਾਲ ਦਿੰਦਿਆਂ ਦੱਸਿਆ ਕਿ ਜੇਕਰ ਬੇੜੀ ਸਾਰੀ ਪਾਣੀ ਵਿੱਚ ਡੁੱਬੀ ਹੋਵੇ ਤੇ ਸਿਰਫ਼ ਚਾਰ ਉਂਗਲਾਂ ਹੀ ਪਾਣੀ ਤੋਂ ਬਾਹਰ ਹੋਵੇ ਤੇ ਤਾਂ ਵੀ ਦੂਸਰੇ ਕਿਨਾਰੇ ਲਗਾ ਦਿੰਦੀ ਹੈ। ਇਸੀ ਤਰ੍ਹਾਂ ਜੇ ਸਿੱਖ ਨੂੰ ਗ੍ਰਹਿਸਥੀ ਵਿੱਚ ਰਹਿੰਦੇ ਹੋਏ ਬਹੁਤ ਰੁਝੇਵੇਂ ਹਨ ਪਰ ਜੇ ਉਹ ਅੰਮ੍ਰਿਤ ਵੇਲੇ ਦੀਆਂ ਚਾਰ ਘੜੀਆਂ ਵੀ ਸੰਭਾਲ ਲਵੇ ਤਾਂ ਉਸ ਦਾ ਵੀ ਬੇੜਾ ਪਾਰ ਲੱਗ ਜਾਂਦਾ ਹੈ। ਇੱਕ ਘੜੀ 24 ਮਿੰਟ ਦੀ ਹੁੰਦੀ ਹੈ ਤੇ ਚਾਰ ਘੜੀਆਂ ਦਾ ਸਮਾਂ 96 ਮਿੰਟ ਬਣਦਾ ਹੈ, ਭਾਵ ਇੱਕ ਘੰਟਾ 36 ਮਿੰਟ ਦਾ ਬਣ ਜਾਂਦਾ ਹੈ। ਇਹ ਢਾਈ ਘੰਟੇ ਵਿੱਚੋਂ ਅੰਮ੍ਰਿਤ ਵੇਲੇ ਤਕਰੀਬਨ ਡੇਢ ਘੰਟਾ ਜ਼ਰੂਰੀ ਹੈ, ਬਾਕੀ ਸਮਾਂ ਦਿਨੇ ਜਾਂ ਸ਼ਾਮੀਂ ਪੂਰਾ ਕਰ ਲਵੇ।

ooo

---

## ਰਸਾਲਾ ਬੁੱਕ ਕਰਵਾਉਣ ਵਾਸਤੇ ਪਾਠਕਾਂ ਨੂੰ ਜ਼ਰੂਰੀ ਬੇਨਤੀ

ਸੰਗਤਾਂ ਨੂੰ ਬੇਨਤੀ ਹੈ ਕਿ ਰਸਾਲਾ ਬੁੱਕ ਕਰਵਾਉਣ ਲਈ ਸਿਫਤਿ ਸਾਲਾਹ ਦੇ ਬੈਂਕ ਖਾਤੇ ਵਿੱਚ ਕੈਸ਼ ਜਮ੍ਹਾਂ ਨਾ ਕਰਵਾਇਆ ਜਾਵੇ ਕਿਉਂਕਿ ਕੈਸ਼ ਜਮ੍ਹਾਂ ਕਰਵਾਉਣ ਤੇ 60/- ਰੁਪਏ ਬੈਂਕ ਵੱਲੋਂ ਕੱਟ ਲਏ ਜਾਂਦੇ ਹਨ। ਰਸਾਲਾ ਬੁੱਕ ਕਰਵਾਉਣ ਲਈ ਜਾਂ Subscription Renew ਕਰਵਾਉਣ ਲਈ ਆਪ ਜੀ ਹੇਠ ਲਿਖੇ ਢੰਗ ਨਾਲ ਚੰਦਾ ਭੇਜ ਸਕਦੇ ਹੋ।

**ਸਿਫਤਿ ਸਾਲਾਹ ਪੱਤ੍ਰਿਕਾ**
**ਆਪ ਪੜ੍ਹੋ ਤੇ ਹੋਰਨਾਂ ਨੂੰ ਵੀ ਪੜ੍ਹਾਓ।**

1) ਬੈਂਕ ਡਰਾਫਟ, ਚੈੱਕ ਰਾਹੀਂ ਜਾਂ Paytm No. 9876525850
2) RTGS/NEFT ਰਾਹੀਂ ਜਾਂ ਬੈਂਕ Transfer ਰਾਹੀਂ
ਨਾਮ :- ਧੰਨ ਧੰਨ ਮਾਤਾ ਕੌਲਾਂ ਜੀ ਸਿਫਤਿ ਸਾਲਾਹ
ਖਾਤਾ ਨੰ. 55031111026 ਬੈਂਕ :- ਸਟੇਟ ਬੈਂਕ ਆਫ ਇੰਡੀਆ
IFSC ਕੋਡ ਨੰ. SBIN0050245 ਬ੍ਰਾਂਚ :- ਚਾਟੀਵਿੰਡ ਚੌਂਕ, ਅੰਮ੍ਰਿਤਸਰ।

**VPP ਰਾਹੀਂ ਘਰ ਬੈਠੇ ਰਸਾਲਾ ਮੰਗਵਾਓ**

3) ਆਪ ਜੀ ਇਸ ਨੰਬਰ 98765-25850 ਤੇ ਆਪਣਾ ਪੂਰਾ ਪਤਾ ਲਿਖ ਕੇ SMS ਕਰ ਦਿਓ ਅਤੇ ਕਿੰਨੇ ਸਾਲ ਲਈ ਬੁੱਕ ਕਰਵਾਉਣਾ ਹੈ ਲਿਖ ਦਿਓ। 10 ਦਿਨ ਦੇ ਅੰਦਰ-ਅੰਦਰ ਡਾਕੀਆ ਆਪ ਜੀ ਦੇ ਦਿੱਤੇ ਹੋਏ ਪਤੇ ਤੇ ਰਸਾਲਾ ਦੇਣ ਆਵੇਗਾ ਅਤੇ ਇੱਕ ਸਾਲ ਦਾ ਚੰਦਾ 184/- ਰੁਪਏ, ਦੋ ਸਾਲ ਦਾ ਚੰਦਾ 340/- ਰੁਪਏ, ਪੰਜ ਸਾਲ ਦਾ ਚੰਦਾ 650/- ਰੁਪਏ ਆਪ ਜੀ ਪਾਸੋਂ ਰਸਾਲੇ ਦੀ ਭੇਟਾ ਵਸੂਲ ਕਰ ਲਵੇਗਾ ਤੇ ਰਸਾਲਾ ਦੇ ਦੇਵੇਗਾ।

| ਚੰਦਾ (ਦੇਸ਼) | |
|---|---|
| ਇੱਕ ਸਾਲ | 150+34=184/- |
| ਦੋ ਸਾਲ | 300+40=340/- |
| ਪੰਜ ਸਾਲ | 600+50=650/- |
| ਲਾਈਫ | 2400+90=2490/- |

ਵਧੇਰੇ ਜਾਣਕਾਰੀ ਲਈ ਸੰਪਰਕ ਨੰ. 98765-25850

# ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਧਾਰਨ ਕਰੀਏ !

**ਨਿਤਨੇਮ ਕਰੀਏ, ਖੁਸ਼ ਰਹੀਏ। ਵਾਹਿਗੁਰੂ ਜੀ ਆਪ ਪੈਜ ਰੱਖਦੇ ਨੇ, ਬੇਇੱਜ਼ਤੀ ਨਹੀਂ ਹੋਣ ਦਿੰਦੇ।**

*—ਭਾਈ ਕਮਲਪ੍ਰੀਤ ਸਿੰਘ*

- ਪਿਆਰੀ ਸਾਧ ਸੰਗਤ ਜੀ ਇਹ ਸਾਖੀ ਭਗਤ ਪੀਪਾ ਜੀ ਦੇ ਜੀਵਨ ਦੀ ਇੱਕ ਘਟਨਾ ਨਾਲ ਸੰਬੰਧਿਤ ਹੈ। ਭਗਤ ਪੀਪਾ ਜੀ ਦੀ ਬਾਣੀ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਭਗਤ ਪੀਪਾ ਜੀ ਇੱਕ ਨਾਮ ਜਪਣ ਵਾਲੀ ਰੂਹ ਹੋਏ ਹਨ, ਬਹੁਤ ਲੋਕ ਉਨ੍ਹਾਂ ਨਾਲ ਪਿਆਰ ਕਰਦੇ ਸਨ। ਪਰ ਕਈ ਲੋਕ ਭਗਤ ਪੀਪਾ ਜੀ ਨਾਲ ਈਰਖਾ ਰੱਖਦੇ ਸਨ, ਨਿੰਦਾ ਕਰਦੇ ਤੇ ਭਗਤ ਪੀਪਾ ਜੀ ਨੂੰ ਮਜ਼ਾ ਚਖਾਉਣਾ ਚਾਹੁੰਦੇ ਸਨ।
- ਜਿਸ ਦੁਕਾਨ ਤੋਂ ਭਗਤ ਪੀਪਾ ਜੀ ਦਾਲ, ਸੀਧਾ, ਚਾਵਲ, ਘਿਓ ਆਦਿ ਹਰ ਰੋਜ਼ ਖਰੀਦਦੇ ਸਨ, ਭਗਤ ਜੀ ਵੱਲ ਬਹੁਤ ਰਕਮ ਬਣ ਗਈ ਸੀ।
- ਉਹ ਦੁਕਾਨਦਾਰ ਇਸ ਬਾਰੇ ਉਨ੍ਹਾਂ ਨਿੰਦਕਾਂ ਪੁਰਸ਼ਾਂ ਨਾਲ ਗੱਲ ਕਰ ਬੈਠਾ। ਉਨ੍ਹਾਂ ਨਿੰਦਕਾਂ ਨੇ ਦੁਕਾਨਦਾਰ ਨੂੰ ਕਿਹਾ ਕਿ ਉਹ ਤੁਰੰਤ ਭਗਤ ਪੀਪਾ ਜੀ ਤੋਂ ਆਪਣੇ ਬਣਦੇ ਪੈਸੇ ਮੰਗੇ।
- ਨਿੰਦਕਾਂ ਦੀ ਚੁੱਕ ਵਿੱਚ ਆ ਕੇ ਦੁਕਾਨਦਾਰ ਭਗਤ ਪੀਪਾ ਜੀ ਤੋਂ ਪੈਸੇ ਮੰਗਣ ਗਿਆ। ਭਗਤ ਜੀ ਨੇ ਧੀਰਜ ਨਾਲ ਆਖਿਆ ਕਿ ਅਜੇ ਪੈਸੇ ਦੀ ਤੰਗੀ ਹੈ, ਜਦੋਂ ਮਾਇਆ ਆਵੇਗੀ, ਤੁਹਾਡੀ ਸਾਰੀ ਰਕਮ ਦੇ ਦਿੱਤੀ ਜਾਵੇਗੀ।
- ਪਰ ਨਿੰਦਕ ਲੋਕ ਭਗਤ ਜੀ ਦੀ ਨਿਰਾਦਾਰੀ ਕਰਵਾਉਣੀ ਚਾਹੁੰਦੇ ਸਨ। ਉਹ ਦੋ-ਚਾਰ ਦਿਨਾਂ ਬਾਅਦ ਦੁਕਾਨਦਾਰ ਨੂੰ ਨਾਲ ਲੈ ਕੇ ਫਿਰ ਭਗਤ ਪੀਪਾ ਜੀ ਦੇ ਘਰ ਗਏ ਤੇ ਬਹੁਤ ਅਪਮਾਨ ਭਰੇ ਸ਼ਬਦ ਭਗਤ ਜੀ ਨੂੰ ਬੋਲੇ। ਇਹ ਸਖਤ ਸ਼ਬਦ ਵੀ ਬੋਲੇ ਕਿ ਜੇਕਰ ਸਿੱਧੇ ਹੱਥੀਂ ਪੈਸੇ ਨਹੀਂ ਦਿਓਗੇ ਤਾਂ ਅਸੀਂ ਦੂਜੀ ਤਰ੍ਹਾਂ ਲੈਣੇ ਜਾਣਦੇ ਹਾਂ।
- ਭਗਤ ਜੀ ਹੱਸ ਕੇ ਬੋਲੇ- ਸ਼ਾਹ ਜੀ ਆਪਣੀ ਬਹੀ ਲਿਆਓ ਅਤੇ ਹਿਸਾਬ-ਕਿਤਾਬ ਕਰੋ। ਜਦੋਂ ਬਾਣੀਏ ਨੇ ਹਿਸਾਬ-ਕਿਤਾਬ ਕਰਨ ਲਈ ਬਹੀ ਦੇ ਕਾਗਜ਼ ਫਰੋਲੇ ਤਾਂ ਜਿਨ੍ਹਾਂ ਕਾਗਜ਼ਾਂ ਤੇ ਭਗਤ ਪੀਪਾ ਜੀ ਦਾ ਹਿਸਾਬ-ਕਿਤਾਬ ਲਿਖਿਆ ਸੀ, ਉਹ ਬਿਲਕੁਲ ਖਾਲੀ ਨਿਕਲੇ।
- ਇਹ ਕੌਤਕ ਵੇਖ ਕੇ ਦੁਕਾਨਦਾਰ ਤੇ ਸਾਰੇ ਨਿੰਦਕ ਸ਼ਰਮਿੰਦਗੀ ਮਾਰੇ ਘਰਾਂ ਨੂੰ ਮੁੜ ਗਏ।
- ਜਦੋਂ ਰਾਜੇ ਨੂੰ ਇਸ ਘਟਨਾ ਦਾ ਪਤਾ

ਚੱਲਿਆ ਤਾਂ ਉਸ ਨੇ ਦੁਕਾਨਦਾਰ ਨੂੰ ਕੈਦ ਕਰ ਲਿਆ। ਦੁਕਾਨਦਾਰ ਦੀ ਪਤਨੀ ਦੇ ਬੇਨਤੀ ਕਰਨ ਤੇ ਭਗਤ ਪੀਪਾ ਜੀ ਨੇ ਰਾਜੇ ਨੂੰ ਦੁਕਾਨਦਾਰ ਨੂੰ ਛੱਡਣ ਦੀ ਬੇਨਤੀ ਕੀਤੀ।

☞ ਇੱਕ ਦਿਨ ਪਰਮਾਤਮਾ ਦੀ ਮਿਹਰ ਹੋਈ। ਭਗਤ ਪੀਪਾ ਜੀ ਕੋਲ ਅੰਨ-ਧਨ ਵੀ ਆ ਗਿਆ।

☞ ਭਗਤ ਜੀ ਨੇ ਦੁਕਾਨਦਾਰ ਨੂੰ ਬੁਲਾ ਕੇ ਮਾਇਆ ਦੇ ਦਿੱਤੀ। ਜਦੋਂ ਘਰ ਜਾ ਕੇ ਦੁਕਾਨਦਾਰ ਨੇ ਮਾਇਆ ਗਿਣੀ ਤਾਂ ਉਹ ਬਹੁਤ ਜ਼ਿਆਦਾ ਨਿਕਲੀ।

☞ ਇਵੇਂ ਦੁਕਾਨਕਾਰ ਤੇ ਭਗਤ ਜੀ ਦੀ ਦਿਆਲਤਾ ਦਾ ਬਹੁਤ ਅਸਰ ਹੋਇਆ ਤੇ ਉਹ ਵੀ ਭਗਤ ਜੀ ਦਾ ਸ਼ਰਧਾਲੂ ਬਣ ਗਿਆ।

## ਬੇਨਤੀ :-

1. ਸਾਡੇ ਆਲੇ-ਦੁਆਲੇ ਸਾਨੂੰ ਪਿਆਰ ਕਰਨ ਵਾਲੇ ਵੀ ਬਹੁਤ ਹੁੰਦੇ ਹਨ ਤੇ ਸਾਡੀ ਨਿੰਦਿਆ ਕਰਨ ਵਾਲੇ ਵੀ ਬਹੁਤ ਹੁੰਦੇ ਹਨ।
2. ਨਿੰਦਕ ਪੁਰਸ਼ ਹਮੇਸ਼ਾ ਸਾਡੀ ਕੋਈ ਨਾ ਕੋਈ ਕਮੀ/ਗਲਤੀ ਲੱਭਦੇ ਰਹਿੰਦੇ ਹਨ ਤਾਂ ਜੋ ਉਹ ਸਾਡੀ ਬੇਇੱਜ਼ਤੀ ਕਰ ਸਕਣ।
3. ਅਸੀਂ ਖਿੰਨ-ਖਿੰਨ ਭੁੱਲਣਹਾਰ ਮਨੁੱਖ ਹਾਂ। ਈਰਖਾ ਕਰਨ ਵਾਲੇ, ਨਿੰਦਾ ਕਰਨ ਵਾਲਿਆਂ ਤੋਂ ਬਚਣ ਦਾ ਇਹੋ ਰਾਹ ਹੈ ਕਿ ਨਿਤਨੇਮ ਕਰਿਆ ਕਰੀਏ। ਗੁਰਬਾਣੀ ਆਪ ਗੁਰੂ ਹੈ, ਰੱਬ ਹੈ। ਮਨ ਟਿਕੇ ਨਾ ਟਿਕੇ ਪਰ ਬਾਣੀ ਪੜ੍ਹਨੀ ਨਹੀਂ ਛੱਡਣੀ। ਬਾਣੀ ਪੜ੍ਹਦਿਆਂ ਵਾਹਿਗੁਰੂ ਜੀ ਦੀ ਕ੍ਰਿਪਾ ਸਾਡੇ ਤੇ ਹੁੰਦੀ ਹੀ ਹੈ।
4. ਆਪ ਨਿੰਦਾ ਨਾ ਕਰਿਆ ਕਰੀਏ। ਆਪ ਕਿਸੇ ਨਾਲ ਈਰਖਾ ਨਾ ਰੱਖੀਏ। ਸਾਡੇ ਨਿੰਦਕਾਂ ਤੋਂ ਵਾਹਿਗੁਰੂ ਜੀ ਆਪ ਰੱਖਣਹਾਰ ਹਨ।

---

*ਪੰਨਾ 29 ਦਾ ਬਾਕੀ ਹਿੱਸਾ—*

ਹੋਏ ਹਨ, ਜਿਸ ਬਾਰੇ ਬਾਬਾ ਨੰਦ ਸਿੰਘ ਜੀ ਮਹਾਰਾਜ ਕਲ੍ਹੇਰਾਂ ਵਾਲਿਆਂ ਨੇ ਦੱਸਿਆ ਸੀ ਕਿ ਇਹ ਉਨ੍ਹਾਂ ਦੇ ਪੂਰਬ ਜਨਮਾਂ ਵਿੱਚੋਂ ਇੱਕ ਸੀ।

ਲਖਨਊ ਵਿੱਚ ਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਚਰਨ ਪਾਏ ਹਨ। ਪਾਵਨ ਚਰਨ ਛੋਹ ਦਾ ਰਸ ਸਮੋਈ ਬੈਠੀ ਇਸ ਨਗਰੀ ਵਿੱਚ ਅੰਗਰੇਜ਼ਾਂ ਦੇ ਸਮੇਂ ਤੋਂ ਹੀ ਸਿੱਖ ਸੰਗਤ ਦੀ ਵਸੋਂ ਕਾਫ਼ੀ ਗਿਣਤੀ ਵਿੱਚ ਹੈ।

ਜਿਸ ਵੇਲੇ ਟ੍ਰੇਨ ਲਖਨਊ ਸਟੇਸ਼ਨ ਤੇ ਪਹੁੰਚੀ ਤਾਂ ਵੱਡੀ ਗਿਣਤੀ ਵਿੱਚ ਸੰਗਤ ਪਹੁੰਚੀ ਹੋਈ ਸੀ। ਬਲਬੀਰ ਸਿੰਘ ਅਤੇ ਹੋਰ ਪ੍ਰੇਮੀਆਂ ਨੇ ਬਹੁਤ ਪ੍ਰੇਮ ਨਾਲ ਬਾਬਾ ਜੀ ਦਾ ਸਵਾਗਤ ਕੀਤਾ। ਕੁਝ ਪ੍ਰੇਮੀ ਰਾੜਾ ਸਾਹਿਬ ਦੇ ਨੇੜਲੇ ਪਿੰਡਾਂ ਦੇ ਸਨ ਕੁਝ ਨਵੇਂ ਪ੍ਰੇਮੀ ਸਨ। ਸੰਗਤ ਵਿੱਚ ਬਹੁਤ ਉਤਸ਼ਾਹ ਸੀ।

ooo

# ਅਧਿਆਤਮਿਕ ਵਿਚਾਰਾਂ

ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਦੀਆਂ ਕੀਰਤਨ ਵਿਚਾਰਾਂ ਵਿੱਚੋਂ ਬਚਨ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-

—ਸੰਪਾਦਕ

**513**

ਪਰਮੇਸ਼ਰ ਦਾ ਨਾਮ ਇੰਨਾ ਵੱਡਾ ਹੈ, ਨਾਮ ਨਾਲ ਜੁੜਨ ਵਾਲੇ ਦਾ ਹੁਕਮ 84 ਲੱਖ ਜੂਨਾਂ ਤੇ ਚਲਦਾ ਹੈ।

**514**

ਅੰਮ੍ਰਿਤ ਵੇਲੇ ਉੱਠ ਕੇ ਭਾਵੇਂ ਕੁਝ ਮਿੰਟ ਵਾਹਿਗੁਰੂ ਵਾਹਿਗੁਰੂ ਜਪ। ਇੱਕ ਦਿਨ ਐਸਾ ਆ ਜਾਵੇਗਾ, ਨਾਮ ਤੇਰੇ ਕੰਠ ਵਿੱਚ ਵਸ ਜਾਵੇਗਾ।

**515**

ਹੋਠ ਬੰਦ ਹੋਣ, ਜ਼ੁਬਾਨ ਦੀ ਟੀਸੀ ਤਾਲੂ ਨਾਲ ਲੱਗੀ ਹੋਵੇ ਤੇ ਕੰਠ ਵਿੱਚ ਹੌਲੀ-ਹੌਲੀ ਵਾਹਿਗੁਰੂ ਉਚਾਰਨ ਹੋਈ ਜਾਵੇ, ਇਸ ਅਵਸਥਾ ਨੂੰ ਮਧਮਾ ਜਾਪ ਕਹਿੰਦੇ ਹਨ।

ਬੱਚਿਆਂ ਲਈ ਵਿਸ਼ੇਸ਼

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਨੂੰ ਸਮਰਪਿਤ ਨਵੀਂ ਲਹਿਰ

# 400 ਸਾਲ ਗੁਰ ਇਤਿਹਾਸ ਦੇ ਨਾਲ

ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ ਮਹਾਰਾਜ ਦੇ 400 ਸਾਲਾ ਪਾਵਨ ਪ੍ਰਕਾਸ਼ ਦਿਵਸ ਦੇ ਸੰਬੰਧ ਵਿੱਚ ਭਾਈ ਸਾਹਿਬ ਭਾਈ ਗੁਰਇਕਬਾਲ ਸਿੰਘ ਜੀ ਵੱਲੋਂ ਨਵੀਂ ਲਹਿਰ "**400 ਸਾਲ ਗੁਰ ਇਤਿਹਾਸ ਦੇ ਨਾਲ**" ਸਿਫਤਿ ਸਾਲਾਹ ਵਿੱਚ ਅੰਕ 136 ਤੋਂ ਸ਼ੁਰੂ ਕੀਤੀ ਗਈ ਹੈ ਜਿਸ ਵਿੱਚ ਗੁਰੂ ਸਾਹਿਬਾਨਾਂ, ਸ਼ਹੀਦ ਸਿੰਘਾਂ ਅਤੇ ਗੁਰੂ ਕੇ ਪਿਆਰਿਆਂ ਦੇ ਜੀਵਨ ਵਿੱਚੋਂ ਪ੍ਰਸ਼ਨ-ਉੱਤਰ ਦੇ ਰੂਪ ਵਿੱਚ ਆਪਣੇ ਗੌਰਵਮਈ ਸਿੱਖ ਇਤਿਹਾਸ ਤੋਂ ਬੱਚਿਆਂ ਨੂੰ ਜਾਣੂੰ ਕਰਵਾਇਆ ਜਾਵੇਗਾ ਤਾਂ ਕਿ ਉਹ ਇਸ ਤੋਂ ਜਾਣੂ ਹੋ ਕੇ ਸੇਧ ਲੈ ਸਕਣ। ਆਪ ਜੀ ਅਸੀਸ ਦੇਣਾ ਤਾਂ ਕਿ ਇਹ ਸੇਵਾ ਹੋ ਸਕੇ।

***ਨੋਟ : ਸਿਫਤਿ ਸਾਲਾਹ ਵਿੱਚ ਪਰਖ ਤੇ ਪ੍ਰਪੱਕਤਾ ਕਾਲਮ ਦੀ ਜਗ੍ਹਾ ਤੇ ਹੁਣ ਪ੍ਰਸ਼ਨ-ਉੱਤਰਾਂ ਦਾ ਇਹ ਨਵਾਂ ਕਾਲਮ ਸ਼ੁਰੂ ਕੀਤਾ ਗਿਆ ਹੈ ਜੀ।***

***ਲੜੀ ਜੋੜਨ ਲਈ ਅੰਕ ਪਿਛਲਾ ਦੇਖੋ ਜੀ :-***

**25. ਪ੍ਰ: ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਨੇ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਰਾਜ ਦੇ ਇਸ਼ਨਾਨ ਦੀ ਸੇਵਾ ਤਕਰੀਬਨ ਕਿੰਨੇ ਸਾਲ ਲਗਾਤਾਰ ਬਿਨਾਂ ਨਾਗਾ ਨਿਭਾਈ?**

ਉ: 12 ਸਾਲ

ਧੰਨ ਧੰਨ ਸ੍ਰੀ ਗੁਰੂ ਅਮਰਦਾਸ ਜੀ ਮਹਾਰਾਜ ਦੂਜੇ ਪਾਤਸ਼ਾਹ ਜੀ ਦੇ ਚਰਨਾਂ ਵਿੱਚ ਆਉਣ ਤੋਂ ਬਾਅਦ ਭਾਈ ਜੋਧ ਜੀ ਦੀ ਪ੍ਰੇਰਨਾ ਨਾਲ ਬਿਆਸ ਦਰਿਆ ਤੋਂ ਦੂਜੇ ਪਾਤਸ਼ਾਹ ਜੀ ਦੇ ਇਸ਼ਨਾਨ ਲਈ ਜਲ ਲਿਆਉਣ ਦੀ ਸੇਵਾ ਤਕਰੀਬਨ 12 ਸਾਲ ਨਿਭਾਈ ਤੇ ਸਭ ਤੋਂ ਵੱਡੀ ਗੱਲ ਦੁਨਿਆਵੀ ਤੌਰ ਤੇ ਬਜ਼ੁਰਗ ਅਵਸਥਾ ਹੋਣ ਦੇ ਬਾਵਜੂਦ ਵੀ ਸੇਵਾ ਵਿੱਚ ਨਾਗਾ ਨਹੀਂ ਪੈਣ ਦਿੱਤਾ। ਹੋਰ ਵੱਡੀ ਗੱਲ, ਗਾਗਰ ਸੀਸ ਤੇ ਰੱਖਦੇ ਹੋਏ ਹੀ ਇੱਕ ਵਾਰੀ ਵਿੱਚ ਹੀ ਚੁੱਭੀ ਲਗਾ ਕੇ ਗਾਗਰ ਵਿੱਚ ਜਲ ਭਰਦੇ। ਇੱਕ ਵਾਰ ਰਾਹ ਵਿੱਚ ਠੇਡਾ ਲੱਗਣ ਤੇ ਡਿੱਗ ਵੀ ਗਏ ਪਰ ਗਾਗਰ ਨੂੰ ਸਿਰ ਤੋਂ ਨਾ ਡਿੱਗਣ ਦਿੱਤਾ। ਹੋਰ ਵੱਡੀ ਗੱਲ, ਇਹ ਸੇਵਾ ਕਰਦਿਆਂ ਜਪੁਜੀ ਸਾਹਿਬ ਦੀ ਬਾਣੀ ਕਦੀ ਵਿਸਰਨ ਨਹੀਂ ਦਿੱਤੀ। ਇੰਨੀ ਕਠਿਨ ਘਾਲ, ਇੰਨੀ ਕਠਿਨ ਕਮਾਈ ਕੀਤੀ। ਇਸ ਕਮਾਈ ਤੋਂ ਰੀਝ ਕੇ ਫਿਰ ਦੂਜੇ ਪਾਤਸ਼ਾਹ ਜੀ ਨੇ ਇਹ 12 ਬਚਨ ਕੀਤੇ :

*ਤੁਮ ਹੋ ਨਿਥਾਵਨ ਥਾਨ।*
*ਕਰਹੋ ਨਿਮਾਨਹਿ ਮਾਨ।*
*ਨਿਤਾਣਿਆਂ ਕਾ ਤਾਨ।*
*ਨਿਓਟਿਆਂ ਕੀ ਓਟ।*
*ਨਿਆਸਰਾ ਦਾ ਆਸਰਾ।*
*ਨਿਧਰਿਆਂ ਦੀ ਧਿਰ।*
*ਨਿਧੀਰਨ ਕੀ ਧੀਰ।*
*ਪੀਰਾਂ ਦੇ ਪੀਰ।*
*ਦਿਆਲ ਗਹੀ ਬਹੋੜ।*
*ਜਗਤ ਬੰਦੀ ਛੋੜ।*
*ਭੰਨਣ ਘੜਨ ਸਮਰੱਥ।*
*ਸਭ ਜੀਵਕਾ ਜਿਸ ਹੱਥ।*

ooo

**26. ਪ੍ਰ: ਧੰਨ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇੱਕ ਪਿਆਰਾ ਸਿੱਖ ਹੋਇਆ ਹੈ ਜਿਨ੍ਹਾਂ ਦੇ ਕਾਬੁਲ ਵਿੱਚ ਸੌਦਾ ਤੋਲਣ ਵਾਲੇ ਵੱਟੇ ਚੈੱਕ ਹੋਣ ਸਮੇਂ ਪੰਜਵੇਂ ਪਾਤਸ਼ਾਹ ਜੀ ਨੇ ਉਨ੍ਹਾਂ ਦੀ ਲਾਜ ਰੱਖੀ? ਉਸ ਸਿੱਖ ਦਾ ਨਾਂ ਦੱਸੋ।**

ਉ: ਭਾਈ ਕਟਾਰੂ ਜੀ।

ਸਿੰਘ ਸਾਹਿਬ ਗਿਆਨੀ ਮੱਲ ਸਿੰਘ ਜੀ ਵੱਲੋਂ ਲਿਖੀ ਪੁਸਤਕ 'ਸ੍ਰੀ ਮੁਖਵਾਕ ਪ੍ਰਕਾਸ਼' ਭਾਗ ਦੂਜਾ ਵਿੱਚ ਉਨ੍ਹਾਂ ਨੇ ਲਿਖਿਆ ਹੈ ਕਿ ਭਾਈ ਕਟਾਰੂ ਜੀ ਇੱਕ ਵਾਰ ਗੁਰੂ ਸਾਹਿਬ ਦੇ ਚਰਨਾਂ ਵਿੱਚ ਆਏ ਤੇ ਆ ਕੇ ਬੇਨਤੀ ਕੀਤੀ, ਪਾਤਸ਼ਾਹ ਜੀ! ਆਪ ਕੋਈ ਉਪਦੇਸ਼ ਦਿਉ ਜਿਸ ਕਰਕੇ ਮੇਰੇ ਸਾਰੇ ਕਲੇਸ਼ ਮਿਟ ਜਾਣ। ਪੰਜਵੇਂ ਪਾਤਸ਼ਾਹ ਜੀ ਨੇ ਪੁੱਛਿਆ ਕਿੱਥੋਂ ਆਏ ਹੋ ਤੇ ਕੀ ਕੰਮ ਕਰਦੇ ਹੋ? ਉਹ ਕਹਿਣ ਲੱਗੇ, ਮੈਂ ਕਾਬੁਲ ਵਿੱਚੋਂ ਆਇਆ ਹਾਂ। ਕਟਾਰੂ ਮੇਰਾ ਨਾਮ ਹੈ ਤੇ ਕਾਬੁਲ ਵਿਖੇ ਮੈਂ ਸੂਬੇ ਦਾ ਨੌਕਰ ਹਾਂ ਤੇ ਧੜਵਈ ਦਾ ਕੰਮ ਕਰਦਾ ਹਾਂ। ਧੜਵਈ ਹੁੰਦੇ ਹਨ ਸੌਦਾ ਤੋਲ ਕੇ ਦੇਣ ਵਾਲੇ। ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਬਹੁਤ ਸੁੰਦਰ ਬਚਨ ਕੀਤੇ। ਮਹਾਰਾਜ ਜੀ ਕਹਿਣ ਲੱਗੇ, ਭਾਈ ਕਟਾਰੂ! ਕਿਸੇ ਨੂੰ ਘੱਟ ਤੋਲ ਕੇ ਨਾ ਦੇਈਂ। ਸਤਿਨਾਮ ਵਾਹਿਗੁਰੂ ਦਾ ਸਿਮਰਨ ਕਰਦਾ ਰਹੀਂ ਅਤੇ ਗੁਰੂ ਨਮਿਤ ਦਸਵੰਧ ਦਿੰਦਾ ਰਹੀਂ। ਫਿਰ ਤੂੰ ਸਦਾ ਸੁਖੀ ਰਹੇਂਗਾ। ਤੇਰੇ ਘਰ ਕਦੇ ਦਰਿਦ੍ਰ ਨਹੀਂ ਆਵੇਗਾ।

ਉਨ੍ਹਾਂ ਨੇ ਬਚਨ ਮੰਨਿਆ। ਸਿੰਘ ਸਾਹਿਬ ਨੇ ਜ਼ਿਕਰ ਲਿਖਿਆ ਹੈ ਕਿ ਕਾਬੁਲ ਜਾ ਕੇ ਕੋਈ ਵੱਟਾ ਭਾਈ ਕਟਾਰੂ ਜੀ ਕੋਲ ਵੇਚ ਗਿਆ ਪਰ ਉਹ ਪੰਜ ਪੈਸੇ ਤੋਲ ਵਿੱਚ ਘੱਟ ਸੀ। ਇਸ ਦਾ ਪਤਾ ਭਾਈ ਕਟਾਰੂ ਜੀ ਨੂੰ ਨਹੀਂ ਸੀ। ਇੱਕ ਆਦਮੀ ਨੇ ਸੌਦਾ ਲਿਆ ਤੇ ਘਰ ਜਾ ਕੇ ਸੌਦਾ ਚੈੱਕ ਕੀਤਾ ਤੇ ਤੋਲ ਘੱਟ ਨਿਕਲਿਆ। ਉਸ ਨੇ ਉਸੇ ਵੇਲੇ ਸੂਬੇ ਪਾਸ ਜਾ ਕੇ ਸ਼ਿਕਾਇਤ ਕੀਤੀ ਕਿ ਭਾਈ ਕਟਾਰੂ ਨੇ ਵੱਟਾ ਘੱਟ ਤੋਲ ਦਾ ਰੱਖਿਆ ਹੋਇਆ ਹੈ। ਸੂਬੇ ਨੂੰ ਗੁੱਸਾ ਚੜ੍ਹ ਗਿਆ। ਉਸ ਨੇ ਉਸੇ ਵੇਲੇ ਭਾਈ ਕਟਾਰੂ ਜੀ ਬੁਲਾ ਕੇ ਕਿਹਾ ਕਿ ਤੇਰੀ ਸ਼ਿਕਾਇਤ ਆਈ ਹੈ ਕਿ ਤੂੰ ਵੱਟੇ ਘੱਟ ਤੋਲ ਵਾਲੇ ਰੱਖੇ ਹੋਏ ਹਨ। ਹੁਣੇ ਜਾ ਤੇ ਉਹ ਵੱਟੇ ਮੇਰੇ ਕੋਲ ਲੈ ਕੇ ਆ।

ਭਾਈ ਕਟਾਰੂ ਜੀ ਨੇ ਗੁਰੂ ਸਾਹਿਬ ਦੇ ਚਰਨਾਂ ਦਾ ਧਿਆਨ ਧਰਿਆ ਤੇ ਅਰਦਾਸ ਕੀਤੀ, ਹੇ ਗਰੀਬ ਨਿਵਾਜ! ਮੈਂ ਜਾਣ ਬੁੱਝ ਕੇ ਕੋਈ ਵੱਟੇ ਘੱਟ ਤੋਲ ਵਾਲੇ ਨਹੀਂ ਰੱਖੇ। ਜੇ ਕੋਈ ਘੱਟ ਤੋਲ ਵਾਲਾ ਹੈ ਵੀ ਤਾਂ ਆਪ ਜੀ ਨੇ ਸਹਾਇਤਾ ਕਰਨੀ। ਇਧਰ ਗੁਰੂ ਸਾਹਿਬ ਆਪਣੇ ਸਿੰਘਾਸਨ ਤੇ ਬਿਰਾਜਮਾਨ ਹਨ। ਇੱਕ ਸਿੱਖ ਨੇ ਆ ਕੇ ਨਮਸਕਾਰ ਕੀਤੀ ਤੇ ਇੱਕ ਟਕਾ ਭੇਟਾ ਕੀਤਾ। ਗੁਰੂ ਸਾਹਿਬ ਉਸ ਟਕੇ ਨੂੰ ਚੁੱਕ ਕੇ ਕਦੇ ਸੱਜੇ ਹੱਥ ਰੱਖਦੇ ਤੇ ਕਦੇ ਖੱਬੇ ਹੱਥ ਰੱਖ ਕੇ ਸਿੱਖ ਦੇ ਕਾਰਜ ਪੂਰੇ ਕਰਦੇ ਪਏ ਹਨ। ਜਦ ਗੁਰੂ ਸਾਹਿਬ ਨੂੰ ਕਦੇ ਸੱਜੇ ਹੱਥ ਤੇ ਕਦੇ ਖੱਬੇ ਹੱਥ ਤੇ ਟਕੇ ਨੂੰ ਰੱਖਦਿਆਂ ਵੇਖਿਆ ਤਾਂ ਸਿੱਖਾਂ ਨੇ ਪੁੱਛਿਆ, ਗੁਰੂ ਜੀ! ਇਸ ਦਾ ਕੀ ਕਾਰਨ ਹੈ? ਮਹਾਰਾਜ ਜੀ ਨੇ ਕਿਹਾ ਕਾਬੁਲ ਵਿੱਚ ਸਾਡਾ ਸਿੱਖ ਭਾਈ ਕਟਾਰੂ ਜੋ ਬੜਾ ਹੀ ਨੇਕ ਅਤੇ ਇਮਾਨਦਾਰ ਸਿੱਖ ਹੈ। ਲੇਕਿਨ ਇੱਕ ਵਿਅਕਤੀ ਘੱਟ ਤੋਲ ਵਾਲਾ ਵੱਟਾ ਭਾਈ ਕਟਾਰੂ ਕੋਲ ਵੇਚ ਗਿਆ ਤੇ ਭਾਈ ਕਟਾਰੂ ਨੇ ਬਹੁਤਾ ਧਿਆਨ ਨਾ ਦਿੱਤਾ। ਅੱਜ ਸੂਬੇਦਾਰ ਕੋਲ ਸ਼ਿਕਾਇਤ ਪਹੁੰਚਣ ਤੇ ਉਸਦੇ ਵੱਟੇ ਚੈੱਕ ਹੋ ਰਹੇ ਹਨ ਲੇਕਿਨ ਭਾਈ ਕਟਾਰੂ ਦੀ ਕੋਈ ਗਲਤੀ ਨਹੀਂ ਭੋਲਾ ਸੁਭਾਅ ਹੈ। ਉੱਧਰ ਕਾਬੁਲ ਤੋਂ ਅਰਦਾਸ ਕਰ ਰਿਹਾ ਹੈ ਸਾਡੇ ਅੱਗੇ ਸਤਿਗੁਰੂ ਜੀ ਪੈਜ ਰੱਖਣੀ ਸੂਬੇਦਾਰ ਵੱਟਿਆਂ ਦੀ ਚੈਕਿੰਗ ਕਰ ਰਿਹਾ ਹੈ। ਅਸੀਂ ਇਧਰ ਟਕਾ ਕਦੇ ਸਜੇ ਹੱਥ ਤੇ ਕਦੇ ਖੱਬੇ ਹੱਥ ਰੱਖ ਕੇ ਉਸਦੇ ਵੱਟੇ ਦੇ ਤੋਲ ਨੂੰ ਪੂਰਾ ਕਰ ਰਹੇ ਹਾਂ। ਵੇਖੋ, ਕਿਵੇਂ ਗੁਰੂ ਸਾਹਿਬ ਆਪਣੇ ਸਿੱਖ ਦੀ ਲਾਜ ਰੱਖਦੇ ਹਨ।

***ਘਟ ਘਟ ਕੇ ਅੰਤਰ ਕੀ ਜਾਨਤ ॥***
***ਭਲੇ ਬੁਰੇ ਕੀ ਪੀਰ ਪਛਾਨਤ ॥***

***(ਚੌਪਈ ਸਾਹਿਬ)***

ooo

# ਅਨਮੋਲ ਬਚਨ

## ਧੰਨ ਧੰਨ ਬਾਬਾ ਨੰਦ ਸਿੰਘ ਜੀ

ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ:-

ਸੰਗ੍ਰਹਿ ਕਰਤਾ
-ਸੰਪਾਦਕ

**286**

ਕਿਸੇ ਦੇ ਮੂੰਹੋਂ ਨਿਕਲੀ ਬਦਅਸੀਸ ਕੀਤੇ ਹੋਏ ਪੁੰਨ ਸਾੜ ਦਿੰਦੀ ਹੈ। ਇਸ ਲਈ ਜਾਣ ਬੁਝ ਕੇ ਕਿਸੇ ਦਾ ਦਿਲ ਨਾ ਦੁਖਾਓ।

**287**

ਗੁਰੂ ਦੀ ਸੰਗਤ ਕਰਨ ਨਾਲ ਨੀਚ ਤੋਂ ਨੀਚ ਬੰਦਾ ਵੀ ਉੱਚੀ ਪਦਵੀ ਨੂੰ ਪ੍ਰਾਪਤ ਕਰ ਲੈਂਦਾ ਹੈ।

## ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਰਾੜਾ ਸਾਹਿਬ ਵਾਲੇ

**120**

ਪਰਮੇਸ਼ਰ ਸਾਰਿਆਂ ਦੇ ਹਿਰਦਿਆਂ ਵਿੱਚ ਹੈ ਪਰ ਪ੍ਰਗਟ ਨਾਮ ਜਪਣ ਤੇ ਹੁੰਦਾ ਹੈ, ਇਸ ਕਰਕੇ ਨਾਮ ਵੱਡਾ ਹੈ।

**121**

ਇਸ਼ਨਾਨ ਆਦਿ ਦਾ ਮਹਾਤਮ ਦੱਸਿਆ ਜਾ ਸਕਦਾ ਹੈ ਪਰ ਨਾਮ ਅਨਮੋਲ ਹੈ ਇਸ ਦਾ ਮਹਾਤਮ ਕੋਈ ਬਿਆਨ ਨਹੀਂ ਕਰ ਸਕਦਾ।

—ਭਾਈ ਅਮਰੀਕ ਸਿੰਘ ਗਨੈਸਕ

ਜੀਵਨ ਇਲਾਹੀ ਜੋਤ

# ਧੰਨ ਧੰਨ ਬਾਬਾ ਨੰਦ ਸਿੰਘ ਜੀ

*ਲੜੀ ਜੋੜਨ ਲਈ ਪਿਛਲਾ ਅੰਕ ਦੇਖੋ ਜੀ :-*

*—ਭਾਈ ਅਮਰੀਕ ਸਿੰਘ ਜੀ ਗਨੈਸਕ ਦੀ ਪੁਸਤਕ ਵਿੱਚੋਂ*

**ਕਾਂਡ ਛੇਵਾਂ-**

"ਬਾਬਾ ਜੀ! ਵੱਡਾ ਰਬਾਬ ਆਇਆ ਐ! ਬਾਬਾ ਜੀ ਨੇ ਲਹਿਰੇ ਖਾਨੇ ਵਾਲੇ ਸੰਤ ਜੀ ਨੂੰ ਕਿਹਾ। ਬਾਗੇ ਤੋਂ ਨਾਨਕਸਰ ਆਇਆ ਦੋ ਕੁ ਮਹੀਨੇ ਹੋਏ ਸਨ, ਲਹਿਰੇ ਵਾਲੇ ਮਹਾਂਪੁਰਖਾਂ ਦੇ ਯਾਦ ਕਰਨ 'ਤੇ ਲਹਿਰੇ ਆ ਗਏ। ਲਛਮਣ ਸਿੰਘ ਦਾ ਲਿਆਂਦਾ ਰਬਾਬ ਬਾਬਾ ਜੀ ਨੇ ਸੰਤ ਜੀ ਨੂੰ ਦਿਖਾਇਆ। ਸਵੇਰ ਦਾ ਦੀਵਾਨ ਸਜਿਆ ਹੋਇਆ ਸੀ।

"ਵਜਾਊ ਕੌਣ?" ਸੰਤ ਜੀ ਨੇ ਪੁੱਛਿਆ। "ਹੈ ਵਜਾਉਣ ਵਾਲਾ ਵੀ!" ਬਾਬਾ ਜੀ ਨੇ ਭਾਈ ਸੁਜਾਨ ਸਿੰਘ ਜੀ ਨੂੰ ਇਸ਼ਾਰਾ ਕੀਤਾ। ਭਾਈ ਜੀ ਪਿਛਲੇ ਦਿਨ ਹੀ ਨਾਨਕਸਰ ਗਏ ਸਨ, ਜਦ ਬਾਬਾ ਜੀ ਲਹਿਰੇ ਵੱਲ ਚਾਲੇ ਪਾਉਣ ਵਾਲੇ ਸਨ। ਭਾਈ ਜੀ ਨੂੰ ਵੀ ਨਾਲ ਲੈ ਆਏ।

ਭਾਈ ਜੀ ਨੇ ਰਬਾਬ ਨਾਲ ਕੀਰਤਨ ਕੀਤਾ। ਬਾਬਾ ਜੀ ਸ਼ਬਦ ਦੁਆਰਾ ਗੁਰ-ਚਰਨਾਂ ਦਾ ਰਸ ਮਾਣਨ ਲੱਗੇ। ਸੰਤ ਵਧਾਵਾ ਸਿੰਘ ਜੀ ਵੀ ਅਡੋਲ ਬੈਠੇ ਕੀਰਤਨ ਦਾ ਰੰਗ ਮਾਣ ਰਹੇ ਸਨ। ਬੜਾ ਸੁਹਾਵਣਾ ਸਮਾਂ ਸੀ। ਕੀਰਤਨ ਤਾਂ ਕੀਰਤਨ ਹੀ ਹੁੰਦਾ ਹੈ, ਪਰ ਰਬਾਬ ਨਾਲ ਤੇ ਫਿਰ ਕੀਰਤਨ ਕਰਨ ਵਾਲੇ ਭਾਈ ਸੁਜਾਨ ਸਿੰਘ! ਗੱਲ ਕਥਨ ਤੋਂ ਅਤੀਤ ਹੈ। ਸਮਾਪਤੀ ਤੇ ਬਾਬਾ ਜੀ ਲਹਿਰੇ ਵਾਲੇ ਮਹਾਂਪੁਰਖ ਬਹੁਤ ਪ੍ਰਸੰਨ ਹੋਏ।

ਕੁਝ ਸਮੇਂ ਬਾਅਦ ਦਿੱਲੀ ਤੋਂ ਕਵੀ ਜੀ ਅਤੇ ਭਾਈ ਘਨੱਈਆ ਸਿੰਘ ਆ ਗਏ। ਉਨ੍ਹਾਂ ਨਾਲ ਭਾਈ ਸ਼ਿਵ ਸਿੰਘ ਅਤੇ ਭਾਈ ਮਹਿੰਦਰ ਸਿੰਘ ਵੀ ਸਨ। ਮਹਿੰਦਰ ਸਿੰਘ ਨੌਜਵਾਨ ਉਮਰ ਦਾ ਸੀ। ਘਰ ਤਾਂ ਸ੍ਰੀ ਅੰਮ੍ਰਿਤਸਰ ਵਿੱਚ ਸੀ, ਪਰ ਦਿੱਲੀ ਰਹਿ ਕੇ ਕਾਲਜ ਵਿੱਚ ਪੜ੍ਹਾਈ ਕਰ ਰਿਹਾ ਸੀ। ਸ਼ਿਵ ਸਿੰਘ ਉਸਦਾ ਜੀਜਾ ਸੀ। ਆਉਣਾ ਤਾਂ ਉਨ੍ਹਾਂ ਨੇ ਨਾਨਕਸਰ ਕਲੇਰੀਂ ਸੀ ਪਰ ਪਤਾ ਲੱਗਣ 'ਤੇ ਕਿ ਬਾਬਾ ਜੀ ਲਹਿਰੇ ਗਏ ਹੋਏ ਨੇ, ਉਹ ਲਹਿਰੇ ਆ ਗਏ।

ਇੱਕ ਦੋ ਦਿਨ ਲਹਿਰੇ ਰਹਿ ਕੇ ਬਾਬਾ ਜੀ ਕਲੇਰੀਂ ਆ ਗਏ। ਸ਼ਿਵ ਸਿੰਘ ਹੋਰੀਂ ਤਾਂ ਦਿੱਲੀ ਮੁੜ ਗਏ, ਕਵੀ ਜੀ ਬਾਬਾ ਜੀ ਨਾਲ ਹੀ ਨਾਨਕਸਰ ਆ ਗਏ। ਜਿੱਥੇ ਦੁਨਿਆਵੀ ਪੜ੍ਹਾਈ ਦਰਜੇ-ਬ-ਦਰਜੇ ਕਰਦਿਆਂ ਬੀ.ਏ., ਐਮ.ਏ., ਪੀ.ਐੱਚ.ਡੀ. ਆਦਿ ਡਿਗਰੀਆਂ ਹਾਸਲ ਹੁੰਦੀਆਂ ਨੇ, ਓਥੇ ਪ੍ਰਮਾਰਥਕ ਪੜ੍ਹਾਈ ਵੀ ਜਮਾਤ ਦਰ ਜਮਾਤ ਪੜ੍ਹਨੀ ਪੈਂਦੀ ਹੈ। ਜੇ ਕੋਈ ਪਹਿਲੀ ਜਮਾਤ ਵਿੱਚ ਪੜ੍ਹਨ ਵਾਲਾ ਸਿਰੇ ਦੀ ਜਮਾਤ ਦੀ ਗੱਲ ਪੁੱਛੇ, ਜਵਾਬ ਓਹਦੀ ਸਮਝ ਵਿੱਚ ਨਹੀਂ ਆ ਸਕਦਾ। ਮਹਾਂਪੁਰਖ ਉਸ ਜਮਾਤ ਦੇ ਅਧਿਕਾਰੀ ਨੂੰ ਹੀ ਉਹ ਗੱਲ ਦੱਸਿਆ ਕਰਦੇ ਨੇ। ਜਿਹੜਾ ਜਿਸ ਅਵਸਥਾ ਵਿੱਚ ਹੋਵੇ, ਉਸਨੂੰ ਉਸੇ ਪੱਧਰ ਦਾ ਉਪਦੇਸ਼ ਮਹਾਂਪੁਰਖ ਦਿਆ ਕਰਦੇ ਨੇ।

ਇੱਕ ਵਾਰ ਸੰਤ ਅਤਰ ਸਿੰਘ ਜੀ ਮਸਤੂਆਣਾ ਨੂੰ ਪ੍ਰੋਫੈਸਰ ਹਰਬੰਸ ਸਿੰਘ ਨੇ ਪੁੱਛਿਆ, "ਬਾਬਾ ਜੀ ਤੁਹਾਡੇ ਵਰਗੇ ਕਿਵੇਂ ਬਣੀਏ?"

"ਤੁਸੀਂ ਸਾਰੇ ਸਾਡੇ ਵਰਗੇ ਹੀ ਹੋ। ਇਕੋ ਜਿਹੇ ਹੱਥ ਪੈਰ, ਓਹੀ ਚਿਹਨ ਚੱਕਰ।" ਸੰਤ ਜੀ ਨੇ ਬਚਨ ਕੀਤਾ। "ਇਸ ਤਰ੍ਹਾਂ ਨਹੀਂ, ਜਿਸ ਅਵਸਥਾ ਵਿੱਚ ਤੁਸੀਂ ਹੋ।" ਹਰਬੰਸ ਸਿੰਘ ਨੇ ਆਪਣੇ ਅਤੇ ਆਪਣੇ ਸਾਥੀਆਂ ਵੱਲੋਂ ਬੇਨਤੀ ਕਰਦਿਆਂ ਕਿਹਾ।

ਤਾਂ ਬਾਬਾ ਜੀ ਨੇ ਕਿਹਾ, "ਪ੍ਰੇਮੀਓ! ਅੰਮ੍ਰਿਤ ਵੇਲੇ ਉੱਠ ਕੇ ਇਸ਼ਨਾਨ ਕਰਕੇ ਬਾਣੀ ਪੜ੍ਹਿਆ ਕਰੋ।" ਜੇ ਨੀਂਦ ਆਵੇ ਤਾਂ ਮੂੰਹ ਧੋ ਲਿਆ ਕਰੋ। ਸੰਤ ਜੀ ਨੇ ਉਹਨਾਂ ਨੂੰ ਉਹਨਾਂ ਦੀ ਅਵਸਥਾ ਅਨੁਸਾਰ ਉਪਦੇਸ਼ ਦਿੱਤਾ।

ਹਰਬੰਸ ਸਿੰਘ ਅੱਗੋਂ ਆਖਣ ਲੱਗਾ, "ਬਾਬਾ ਜੀ ਫਿਰ ਵੀ ਨੀਂਦ ਆਵੇ ਤਾਂ?" "ਤਾਂ ਭਾਈ ਉੱਚੀ-ਉੱਚੀ ਬੋਲ ਕੇ ਪਾਠ ਕਰਿਆ ਕਰੋ।" "ਬਾਬਾ ਜੀ! ਫਿਰ ਕੀ ਹੋਵੇਗਾ?" ਹਰਬੰਸ ਸਿੰਘ ਅਗਲੀ ਗੱਲ ਜਾਣਨਾ ਚਾਹੁੰਦਾ ਸੀ, ਪਰ ਤੁਰਨਾ ਸ਼ੁਰੂ ਕੀਤੇ ਬਿਨਾਂ ਅਗਲੀ ਜਮਾਤ ਵਿੱਚ ਕਿਵੇਂ ਆਵੇ! "ਭਾਈ ਪਹਿਲਾਂ ਇਤਨਾ ਕੁ ਕਰਕੇ ਵੇਖੋ, ਅੱਗੇ ਜੋ ਹੋਵੇਗਾ ਆਪੇ ਪਤਾ ਲੱਗ ਜਾਵੇਗਾ।" ਸੰਤ ਜੀ ਨੇ ਕਹਿਣਾ ਸ਼ੁਰੂ ਕੀਤਾ।

ਪਰਮਾਰਥ ਦੀ ਜਗਿਆਸਾ ਚੰਗੀ ਗੱਲ ਹੈ, ਪਰ ਸੁਣਾ-ਸੁਣਾ ਕੇ ਜਾਂ ਕਿਤਾਬਾਂ ਪੜ੍ਹ ਕੇ ਸਿਰੇ ਦੀ ਜਮਾਤ ਦੀਆਂ ਗੱਲਾਂ ਕਰਨ ਲੱਗ ਜਾਣਾ ਕਿਸੇ ਤਰ੍ਹਾਂ ਵੀ ਠੀਕ ਨਹੀਂ। ਕਈ ਉਲਾਂਘ ਵੀ ਨਹੀਂ ਪੁੱਟਦੇ ਤੇ ਚਰਚਾ ਕਰਨਗੇ ਬ੍ਰਹਮ ਗਿਆਨ ਦੀ। ਜੇ ਮਹਾਂਪੁਰਖਾਂ ਪਾਸ ਜਾਣਗੇ ਤਾਂ ਵੀ ਐਸੇ ਹੀ ਪ੍ਰਸ਼ਨ ਪੁੱਛਣਗੇ।

ਇੱਕ ਦਿਨ ਬਾਬਾ ਜੀ ਪਾਸ ਦੋ ਪ੍ਰੇਮੀ ਆਏ। ਇੱਕ ਤਾਂ ਪਹਿਲਾਂ ਵੀ ਕਦੇ-ਕਦੇ ਆਇਆ ਕਰਦਾ ਸੀ, ਦੂਜਾ ਲੁਧਿਆਣੇ ਜ਼ਿਲ੍ਹੇ ਦਾ ਪੁਲਿਸ ਕਪਤਾਨ ਸੀ। ਪਰਮਾਰਥ ਬਾਰੇ ਕਈ ਕਿਤਾਬਾਂ ਪੜ੍ਹੀਆਂ ਸਨ। ਬਾਬਾ ਜੀ ਨੂੰ ਕੁਝ ਪ੍ਰਸ਼ਨ ਕੀਤੇ।

"ਇਹ ਕੌਣ ਹੈ ਭਾਈ?" ਬਾਬਾ ਜੀ ਨੇ ਉਸ ਲਿਆਉਣ ਵਾਲੇ ਨੂੰ ਪੁੱਛਿਆ। ਉਸਨੇ ਦੱਸਿਆ "ਜੀ ਇਹ ਲੁਧਿਆਣੇ ਜ਼ਿਲ੍ਹੇ ਦੇ ਐਸ.ਪੀ. ਨੇ।" ਬਾਬਾ ਜੀ ਕਹਿੰਦੇ, "ਉਹ ਕੀ ਹੁੰਦਾ ਐ?"

"ਜੀ... ਪੁਲਿਸ ਦੇ ਵੱਡੇ ਅਫਸਰ... ਕਪਤਾਨ ਨੇ।" ਕਪਤਾਨ ਹੈਰਾਨ ਸੀ ਕਿ ਪ੍ਰਸ਼ਨਾਂ ਦੇ ਉੱਤਰ ਦੇਣ ਦੀ ਥਾਂ ਬਾਬਾ ਜੀ ਉਸ ਦੇ ਸਾਥੀ ਨੂੰ ਉਸ ਬਾਰੇ ਪੁੱਛ ਰਹੇ ਸਨ। ਸੋਚਿਆ ਸ਼ਾਇਦ ਪਛਾਣ ਪੁੱਛਣ ਤੋਂ ਬਾਅਦ ਕੁਝ ਦੱਸਣ।

"ਹੱਛਾ ਭਾਈ!" ਉਸਦੇ ਪੁਲਿਸ ਕਪਤਾਨ ਹੋਣ ਬਾਰੇ ਪਤਾ ਲੱਗਣ ਤੇ ਬਾਬਾ ਜੀ ਨੇ ਬਚਨ ਕੀਤਾ, "ਪੁੱਛਦਾ ਐ ਸੋਲਵੀਂ ਦੀਆ ਗੱਲਾਂ, ਦੋ ਜਮਾਤਾਂ ਵੀ ਪੜ੍ਹਿਆ ਭਾਈ!"

ਬਾਬਾ ਜੀ ਦਾ ਬਚਨ ਸੁਣਦੇ ਹੀ ਕਪਤਾਨ ਨੂੰ ਭੁੱਲ ਦਾ ਅਹਿਸਾਸ ਹੋ ਗਿਆ। ਕੁਝ ਸਮਾਂ ਹਾਜ਼ਰੀ ਭਰ ਕੇ ਦੋਨੇ ਮੁੜ ਗਏ। ਕਪਤਾਨ ਖਾਲੀ ਨਹੀਂ ਸੀ ਗਿਆ। ਬਾਬਾ ਜੀ ਦਾ ਉਪਦੇਸ਼ ਸੀ ਕਿ ਪਰਮਾਰਥ ਦੀ ਪੜ੍ਹਾਈ ਦਰਜੇ-ਬ-ਦਰਜੇ ਹੁੰਦੀ ਹੈ, ਉਸ ਨਾਲ ਸੀ ਉਸ 'ਤੇ ਅਮਲ ਕਰਨਾ ਹੀ ਉਸਦੇ ਹੱਥ ਸੀ, ਇਸ ਤੋਂ ਬਿਨਾਂ ਉਸਦੇ ਸਵਾਲਾਂ ਦੇ ਜਵਾਬ ਉਸਨੂੰ ਨਹੀਂ ਸਨ ਲੱਭਣੇ।

ਇੱਕ ਦਿਨ ਸੰਤ ਵਿਸਾਖਾ ਸਿੰਘ ਜੀ ਕਿਸ਼ਨਪੁਰੇ ਵਾਲੇ ਨਾਨਕਸਰ ਕਲੇਰੀਂ ਆਏ। ਪਹਿਲਾਂ ਵੀ ਕਦੇ-ਕਦੇ ਆਇਆ ਕਰਦੇ ਸਨ। ਇੱਕ ਵਾਰ ਤਾਂ ਐਸਾ ਸਬੱਬ ਬਣਿਆ ਕਿ ਸੰਤ ਜੀ ਜੰਡੀ ਵਿਖੇ ਗੁਰਦੁਆਰਾ ਸਾਹਿਬ ਦੀ ਇਮਾਰਤ ਦੀ ਸੇਵਾ ਕਰਾ ਰਹੇ ਸਨ। ਅਚਾਨਕ ਇੱਕ ਅਗੰਮੀ ਖਿੱਚ ਮਹਿਸੂਸ ਕੀਤੀ। ਉੱਥੋਂ ਚਾਲੇ ਪਾ ਕੇ ਸ਼ੇਰਪੁਰੇ, ਜੋ ਬਾਬਾ ਜੀ ਦਾ ਦਾਦਕਾ ਪਿੰਡ ਹੈ, ਗੁਰਦੁਆਰਾ ਜਾਗਤਸਰ ਆ ਗਏ। ਥੋੜ੍ਹੇ ਹੀ ਚਿਰ ਬਾਅਦ ਬਾਬਾ ਜੀ ਵੀ ਗੁਰਦੁਆਰਾ ਸਾਹਿਬ ਆ ਗਏ। ਕਵੀ ਜੀ, ਭਾਈ ਰਤਨ ਸਿੰਘ ਆਦਿ ਪ੍ਰੇਮੀ ਆਪ ਜੀ ਦੇ ਨਾਲ ਸਨ। ਸੰਗਤ ਇਕੱਠੀ ਹੋ ਗਈ। ਦੀਵਾਨ ਸਜ ਗਿਆ। ਕੀਰਤਨ ਹੋਣ ਲੱਗਾ।

ਸਮਾਪਤੀ ਉਪਰੰਤ ਹੁਕਮਨਾਮਾ ਲਿਆ ਗਿਆ ਤਾਂ ਹੁਕਮ ਆਇਆ:

***ਸਜਣ ਮਿਲੈ ਸਜਣਾ ਜਿਨ ਸਤਗੁਰ ਨਾਲਿ ਪਿਆਰੁ ॥***

*(ਅੰਗ ੫੮੭)*

*—ਚਲਦਾ*

# अमृत की महानता

## श्री गुरु अमरदास जी, भक्त धन्ना जी, भक्त पीपा जी, शुकदेव मुनि और भक्त कबीर जी की साखियाँ

**परम सत्कारयोग्य भाई साहिब भाई गुरइकबाल सिंघ जी के द्वारा दिए गए प्रोग्राम का अनुवाद**

–जसविन्द्र सिंघ (पटियाला)

***गुर बिनु घोरु अंधारु गुरु बिनु समझ न आवै।।***

*(अंग १३६६)*

साध संगत जी, हम सब आपके गरीब निमाणे बच्चे हैं। हाथ जोड़ कर विनती है, यह सलाना समागम जो मनाया जाता है, मन की रीझ है निष्कर्ष कुछ बाहर आए, पाँच सौ शरीर अमृतधारी हों, गुरु वाले बनें। विधवा स्त्रियों को कोई सुविधा पहुँचे, श्री गुरु ग्रंथ साहिब जी पर श्रद्धा बढ़े। यत्न है, गुरु साहिब सफलता प्रदान करें। जिन्होंने अमृत ग्रहण नहीं किया, इस पंक्ति को आज प्राप्त करके जाना :

***गुर बिनु कोइ न उतरसि पारि।।१।। रहाउ।।***

*(अंग ८६४)*

हाथ जोड़कर विनती है, जिन्होंने आप में से अमृत ग्रहण किया है, हाथ पर हाथ धर कर मत बैठ जाना। ढूँढना और कौन–सा निगुरा है जो मेरी विनती मान सकता है।

***गुर बिनु कोइ न उतरसि पारि।।१।। रहाउ।।***

*(अंग ८६४)*

थोड़े दिन हुए। दास एक बात पर बड़ा हैरान हुआ। दास ने इतिहास में पढ़ा कि भक्त धन्ना जी को ख्याल आया, कहने लगे– लो सात दिनों में ही पा लिया है। भक्त धन्ना जी ने सोचा कि ठाकुर ने सात दिन की जिद की। सात दिन में ही पा लिया है। साखी में लिखा है कि जिस दिन भक्त धन्ना जी के मन में आया कि सात दिन में ही ठाकुर को पा लिया है, प्रभु पाना कौन–सा कठिन है और रात को सपना आया। सपने में क्या देखते हैं, भक्त धन्ना जी जंगल में चले जा रहे हैं और आगे एक शरीर का पिंजर पड़ा है। चले जा रहे हैं। फिर देखा कि एक अन्य पिंजर मौजूद है। फिर देखते हैं, एक और पिंजर। सात पिंजर देखे। ठाकुर से मित्रता थी। दर्शन हो चुके थे। यहाँ तक भगवान ने कहा था, दुनिया में लेन–देन बना हुआ है। धन्ने, मैंने तेरा अन्न खाया है। तूने मुझे भोजन करवाया है। लेन–देन है। इसलिए तू मुझ से काम करवा। बताओ क्या काम करूँ। तेरी गायें चराई जाएँ कि खेती करूँ। भक्त धन्ना जी को ऐसे दर्शन हुए। अगले दिन भक्त धन्ना जी ने कहा– भगवान, गायें बाद में चराना, खेती बाद में करना। मैंने एक आप से दिल की बात करनी है। बताओ, धन्ने क्या बात है? कहता है, भगवान रात को बड़ा बुरा सपना देखा है। क्या देखा है? कहने लगा– मुर्दे, पिंजर। सात पिंजर देखे। भगवान हँस पड़े। कहने लगे–धन्ने यह हमारी

लीला ही है। महाराज, समझ नहीं आई। आपकी लीला कैसे? कहते, कल तूने ख्याल बनाया था, कौन–सा कठिन है, प्रभु को पाना। सात दिनों में ही पा लिया है। धन्ने, यह सपने में तुझे जवाब दिया है। भगवान, मैं समझा नहीं। धन्ने, यह सात पिंजर जो देखे हैं, यह किसी और के नहीं तेरे हैं। धन्ने, तेरे मन में भ्रम न रह जाए, सात दिनों में प्रभु को पा लिया है। तेरी सात जन्मों की कमाई। सात जन्म की तेरी पुकार। सात जन्म की भक्ति। सात जन्मों की विनती चली आ रही थी। प्राप्ति तुझे इस जन्म में हुई है। संगत जी इशारा समझना। दास बड़ा हैरान हुआ, इतिहास पढ़ कर। शायद आप भी किसी निगुरे को बताना। शायद वह जुड़ जाए। कोई शक नहीं, धन्ना जी को दर्शन हुए। कोई शक नहीं, धन्ना जी की खेती की, गायें चराईं। लेकिन एक दिन भगवान क्या कहते हैं? कहते धन्ने, आज तुझ से एक बात करने का चित कर रहा है। धन्ना जी कहते, बताईए। भगवान ने कहा– धन्ने, चाहे मैं तेरी खेती करता हूँ। पर मुझे एक अफसोस है, कि तू निगुरा है। धन्ने तुझे मेरे दर्शन हो गए। मैंने तेरी खेती की पर अफसोस कि मरणोपरांत तू मेरे स्वरूप में समा नहीं सकता। इशारा लेना। धन्ने, तेरी मुक्ति नहीं हो सकती। तू मेरे स्वरूप में समा नहीं सकता। काम चाहे मैं तेरे कर रहा हूँ। भक्त धन्ना जी दोनों हाथ अपने सिर पर रखकर सोचने लग गए और उन्होंने कहा, भगवान आप जी के दर्शनों के बाद भी कोई गुरु वाला बनना जरुरी है। भगवान ने कहा, हाँ जरुरी है। जब तक तू गुरु वाला नहीं बनता। काम मैं चाहे तेरे कर रहा हूँ। तुझे दर्शन मैं दे रहा हूँ पर तू मेरे स्वरूप में नहीं समा सकता। इशारा लेना। दास को बड़ी हैरानी हुई कि प्रभु के दर्शन भी हो जाएँ। क्या तो भी गुरु धारण करना जरुरी है। इस समय भक्त धन्ना जी ने विनती की भगवन् बताइए, मैं किसको गुरु धारण करूँ ? बीठुल भगवान जी ने कहाँ भेजा? काशी में भक्त रामानंद जी रहते हैं। उनको गुरु धारण करो।

गुरु प्यारो ! भक्त जी काशी में गए। भक्त रामानंद जी को गुरु धारण किया। इतिहास में लिखा है, कई महीने वहाँ रहे। उसके बाद आशीर्वाद लेकर वापिस लौट आए। तो भगवान ने कहा, हाँ, अब तू मेरे स्वरूप में समा सकता है। कोई आज निगुरा न रहे। अमृतपान करने के लिए प्रण पत्र कटवा कर जाना। सतिगुरु जी की कृपा से बीबी कौलां जी भलाई केन्द्र ट्रस्ट द्वारा महीने के पहले रविवार को गुरुद्वारा जन्म स्थान पहुविंड साहिब बाबा दीप सिंघ जी में अमृत संचार करवाया जाता है। जिन्होंने अमृत ग्रहण नहीं किया, कृपा करके गुरु वाले बनो। दास बात कर रहा था कि प्रभु के दर्शन के बाद भी मुक्ति नहीं, जब तक कोई गुरु धारण नहीं करता।

***गुर बिनु कोइ न उतरसि पारि॥१॥ रहाउ॥***

*(अंग ८६४)*

गुरु प्यारो, एक नगर हुआ है, गांगनौर। यहाँ का राजा जिसको वैराग्य हुआ है और उनका नाम सुनते हो, भक्त पीपा जी। जब दास ने भक्त पीपा जी का इतिहास सुना, दो चीजें मिलीं। आप भी लेना। एक चीज यहाँ मिली, गुरु धारण करना कितना जरुरी है और दूसरी चीज मिली। उस समय गुरु धारण करना कितना

कठिन था और अब कितना सरल है। भक्त पीपा जी की बड़ी बंदगी, बड़ी कमाई, देवी के उपासक थे। साध संगत जी, इतनी कृपा हो गई, देवी के दर्शन हो गए। इतिहास में लिखा है, देवी प्रसन्न होकर पूछती है, भक्त पीपा जी, क्या चाहते हो? तो भक्त पीपा जी के मुख में से निकला, देवी माता तेरे दर्शन हो गए, मुझे मुक्ति चाहिए। पढ़ो इतिहास, सच्चाई है। उस देवी का क्या उत्तर था? भक्त पीपा जी मैं पदार्थ दे सकती हूँ, कोई संसारी वस्तु मांगो, वह दे सकती हूँ पर मुक्ति मैं नहीं दे सकती। मुक्ति गुरु धारण किए बिना नहीं। गांगनौर नगर के रहने वाले भक्त पीपा जी, उस दिन से लगन लग गई कि मैंने गुरु धारण करना है। पूछते हैं, किस को गुरु धारण करुँ ? किसी ने कहा, काशी में भक्त रामानंद जी ध्यान देना। काशी में गए, भक्त रामानंद जी के स्थान पर और अंदर संदेश भेजा, पहरेदार के हाथ संदेश भेजा कि राजा पीपा आया है और उसने गुरु धारण करना है। अंदर से क्या उत्तर आया, इस आश्रम में निमाणों और असहाय के लिए जगह है, राजा के लिए नहीं। राजा होना बुरा नहीं, अंदर राजापन का अहंकार न आए। जब अंदर से संदेश आया तो भक्त पीपा जी ने गले में से सोने की माला पकड़ी और भक्त रामानंद जी के आश्रम के बाहर ही दान देना शुरु कर दिया। सोने के कंगन दान। कीमती वस्त्र दान। दस मिनट में सब कुछ दान करके पुनः संदेश भेजा, भक्त रामानंद जी को कहो, निमाणा व असहाय पीपा आया है। उन्होंने कहा, भेज दो अंदर। यहाँ गौर करना, दास ने दो चीजें लीं निष्कर्ष लेना। देवी के दर्शन के बाद देवी स्वयं कहती है, संसारी पदार्थ ले लो। पर मुक्ति नहीं।

***तुम कहीअत हो आदि भवानी॥***
***मुकति की बरीआ कहा छपानी॥***

संदेश भेजा। निमाणा असहाय पीपा आया है। अंदर से आवाज आई, आ जाओ अंदर। जब भक्त पीपा जी अंदर गए तो इतिहास में लिखा है, थोड़ा–सा जल्दबाजी में आ गए। रामानंद जी! मुझे गुरु दीक्षा दे दीजिए। रामानंद जी कुर्सी पर बैठे कहते बहुत जल्दी है। गुरु धारण करना है। गुरु दीक्षा लेनी है, गुरु मंत्र लेना है। बहुत जल्दी है। कहने लगे मुझे जल्दी है। भक्त रामानंद जी ने कहा, बहुत जल्दी है गुरु धारण करने की और जाओ फिर कुएं में छलांग लगा दो। गुरु प्यारो, निष्कर्ष लेना। भक्त पीपा जी कुछ समय के लिए सोचने लग गए। क्या करूँ ? कुएं में छलांग लगाऊँ कि वापिस जाऊँ। भक्त रामानंद जी ने कहा, बहुत जल्दी है तो फिर कुएं में छलांग लगा दे। आपको तो नहीं कलगीधर पिता जी कहते कुएं में छलांग मार दे। यहाँ तो प्रेरणा देकर। दास को कई कह देते हैं कक्कार फ्री मिल जाएँगे वहाँ से। यह भी न लेकर आने पड़े। आज से 60 साल पहले जो अमृत ग्रहण करता था, उससे नकद भेंट भी ली जाती थी। पाँच रुपए होते थे। कड़ाह प्रसाद की देग के प्रबंध की। प्यार से पाबंदी से भेट लेते थे। संगत जी इशारा लेना। भक्त रामानंद जी ने कहा– बहुत जल्दी है तो कुएं में छलांग मार दे। भक्त पीपा जी उठ पड़े। कहते कहाँ फंस गया। देवी के दर्शन हुए। उसने कहा मैं मुक्ति नहीं दे सकती। गुरु धारण करो। वहाँ से तुम्हें सच का उपदेश मिलेगा। उसकी कमाई कर, संत

महापुरुषों की सेवा करो। फिर तुझे प्राप्ति होगी मुक्ति की। वह कहने लगे, यह कहते हैं कि कुए में छलांग मार दे। करूँ तो क्या करूँ। हाथ जोड़कर भक्त पीपा जी ने कहा– आपकी खुशी कुएं में छलांग मारने से है तो फिर मैं मार देता हूँ। चल पड़े कुएं में छलांग मारने। भक्त रामानंद जी ने पीछे सेवक भेज दिए। कहते, यदि सचमुच छलांग मारने लगे तो इसे पकड़ लेना। वह छलांग मारने लगे तो सेवकों ने पकड़ लिया और ले आए। भक्त रामानंद जी ने गुरमंत्र गुरु दीक्षा दी। इशारा लेना। देवी के दर्शन भी हो गए तो भी प्यारो, जब तक गुरु धारण नहीं किया मुक्ति नहीं। यह सारा समागम अमृत संचार को समर्पित है तो आज यह टापिक लिया है। गुरु धारण किया है कि नहीं। पढ़ो जी :

***गुर बिनु कोइ न उतरसि पारि ॥१॥ रहाउ ॥***

*(अंग ८६४)*

आपने नाम सुना होगा, शुकदेव मुनि जी। माता के गर्भ में से साध संगत जी, जन्म नहीं थे लेते। अढाई घड़ियों के लिए माया को अलोप करना पड़ा, इन्होंने तो जन्म लिया। जन्म से इतनी बंदगी। शुकदेव मुनि का चित किया कि एक दिन विष्णुलोक में दर्शन करके आएँ। जब विष्णुलोक में गए तो साध संगत जी, धक्के मार कर निकाल दिया। बड़ा मन में आया, मेरी इतनी बंदगी। मेरे जन्म के समय माया को भी अलोप किया। मुझे इस लोक में नहीं बैठने दिया। धक्के मार कर निकाल दिया है। अपने पिता जी के पास आकर बताया, पिता जी, मुझे विष्णुलोक में धक्के मार कर निकाल दिया है। शुकदेव मुनि के पिता जी ने कहा– तू अभी निगुरा है। गुरु धारण नहीं किया।

और कहाँ जाना है। अपने पिता श्री गुरु अमरदास जी का इतिहास पढ़ लो। 21 बार या 22 बार यात्रा होकर आए, देवी की। रास्ते में एक शरीर मिला है, जिसने गुरु अमरदास जी के चरणों में पदम देखा। कहाँ से आए हो? ऐसे यात्रा से। प्रसाद दिया। उसने खा लिया। खाने के बाद कहने लगा– आपका गुरु कौन है?

श्री गुरु अमरदास जी कहने लगे, गुरु तो मैंने अभी धारण ही नहीं किया। वह शरीर जिसने पैर में पदम देखा, किसी विरले से। वह शरीर जिसने पैर में पदम देखकर प्रशंसा की थी, गुरु अमरदास जी की। आप कोई चक्रवर्ती राजा होंगे या बहुत बड़ी हस्ती। जब यह सुना कि मैंने गुरु अभी धारण नहीं किया तो वह शरीर परेशान होकर बोला कि आपने मेरा जन्म भ्रष्ट कर दिया है। आज निगुरे के हाथ का मैंने प्रसाद खा लिया है। मैंने तो आपको नहीं पूछा, आप बहुत करनी वाले, गुरु धारण किया होगा। उस दिन बाबा अमरदास जी के हृदय को चोट लगी और गुरु की तलाश की। किसके चरण पकड़े? धन्य श्री गुरु अंगद देव जी महाराज के।

शुकदेव मुनि के पिता जी ने कहा– जब तक पुत्र तूने गुरु धारण नहीं किया, तुम्हें विष्णु लोक में स्थान नहीं। तो पढ़ो इतिहास शुकदेव मुनि ने राजा जनक को गुरु धारण किया और जब किया, अंदर अहं था। मैं थी। मैं आई कैसे? राजा जनक गृहस्थी था और जब गुरु धारण किया तो अंदर अहं आ गया, मैं योगी। मैंने शादी नहीं करवाई। मैंने एक गृहस्थी को गुरु धारण कर लिया है। यह मैं आ गई। उस मैं को नष्ट करने के लिए पता नहीं कितने साल

जूठे पतल संगत के अपने सिर पर डलवाए शुकदेव मुनि ने।

गुरु प्यारो, आज कितना सरल है। शुकदेव मुनि ने राजा जनक को गुरु धारण किया। संगत जी इशारा लेना। गुरु बिना मुक्ति नहीं। अन्य भी बड़े इतिहास हैं। भक्त कबीर जी की क्या कम बंदगी थी। भक्त कबीर जी ने गुरु धारण कैसे किया? भक्त रामानंद जी अम्रत वेले गंगा स्नान करने जाते थे। भक्त कबीर जी उस पौढ़ पर लेट गए। एक दिन, दो दिन, दस दिन, बीस दिन। कभी वह बात बने। एक दिन बनी। भक्त रामानंद जी के पैर की ठोकर लगी, कबीर जी को। अढाई–तीन बजे का समय और भक्त रामानंद जी ने कहा, उठ राम के भक्त, राम कह। कबीर जी प्रसन्न हो गए। कहने लगे– मिल गया मंत्र। कबीर जी ने सबको बताना शुरु कर दिया, मैं अब निगुरा नहीं। कबीर जी कहते कि मेरे गुरु भक्त रामानंद जी। कुछ ब्राहाणों ने भक्त रामानंद जी को शिकायत की, आपने उस कबीर जुलाहे को, निम्न जाति वालों को शिष्य बना लिया है। भक्त रामानंद जी ने कहा, मैंने तो शिष्य बनाया नहीं। जी, वह तो आपका नाम डटकर ले रहा है कि मेरे गुरु रामानंद जी हैं। भक्त रामानंद जी ने कहा, लेकर आओ। जब लेकर आए भक्त कबीर जी को तो भक्त रामानंद जी ने कहा, तुझे मैंने कब शिष्य बनाया है? देखो, कितना कठिन था गुरु धारण करना। आज कितना सरल है। अभी भी हम रह जाएं अमृत ग्रहण करने से तो बुरी बात है। भक्त रामानंद जी ने कहा, तुझे मैंने कब शिष्य बनाया है। तू निम्न जाति का और मैं तुम्हें शिष्य नहीं बना सकता।

